ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੮ ਪੋਹ ਸੰਨ ੨੦੨੫ Monday, 22 December

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbbaar@gmail.com editor@khalsaakhbaar.com

## 22 ਅਤੇ 27 ਦਸੰਬਰ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ 'ਤੇ:



# ਸ਼ੇਰ ਦੇ ਬੱਚੇ



ਪ੍ਰੋ. ਪਿਆਰਾ ਸਿੰਘ 'ਪਦਮ'

**ਅਸੀਂ ਚਾਰ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਲਈ ਹੀ ਨਹੀਂ ਕਰਦੇ ਕਿ ਇਨ੍ਹਾਂ ਦਾ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ; ਸਗੋਂ ਇਸ ਵਡਿਆਈ ਦਾ ਅਸਲ ਕਾਰਣ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਹੋਈ ਸੀ। ਇਹ ਸ਼ੇਰ ਦੇ ਬੱਚੇ ਸਨ ਤੇ ਉਨ੍ਹਾਂ ਸ਼ੇਰਾਂ ਵਾਲੇ ਕਾਰਨਾਮੇ ਕੀਤੇ। ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਨ੍ਹਾਂ ਰੀਝਾਇਆ, ਉਹ ਬੇਮਿਸਾਲ ਹੈ। ਸ਼ਹੀਦੀ ਦਾ ਜੋ ਸਬਕ ਉਨ੍ਹਾਂ ਪੜ੍ਹਾਇਆ ਉਹ ਹਰ ਸਿੱਖ ਨੂੰ ਇਤਨਾ ਕੰਠ ਹੋ ਗਿਆ ਹੈ ਕਿ ਕਦੀ ਭੁਲਾਇਆ ਜਾਣ ਵਾਲਾ ਨਹੀਂ ਸੱਚ ਪੁੱਛੋ ਤਾਂ ਇਹ ਸਾਹਿਬਜ਼ਾਦਿਆਂ ਦੀ ਕੁਰਬਾਨੀ ਹੀ ਹੈ, ਜਿਸ ਨੇ ਸਿੱਖ ਲਹਿਰ 'ਸਿੰਘ ਲਹਿਰ' ਬਣਾ ਕੇ ਇਨਕਲਾਬੀ ਰਸਤੇ ਪਾਇਆ।**

ਸਿੱਖ ਰਹਿਤ ਵਿਚ ਸ਼ਾਇਦ ਪਹਿਲੀ ਵਾਰੀ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਸਰਬ ਕਲਾ-ਸਮਰੱਥ ਸ਼ਖ਼ਸ਼ੀਅਤ ਨੂੰ ਸ਼ੇਰ ਨਾਲ ਉਪਮਾਇਆ ਹੈ ਤੇ ਇਹ ਗੱਲ ਸਾਫ਼ ਲਿਖੀ ਹੈ ਕਿ ਉਨ੍ਹਾਂ ਦੇ ਸਿੰਘਨਾਦ ਨੇ ਮ੍ਰਿਗਾਵਲੀ ਨੂੰ ਭਜਾ ਦਿੱਤਾ:

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।

ਜਾਂ

ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।

ਸਿੱਖ ਲਹਿਰ ਦਾ ਮੁੱਖ ਮਨੋਰਥ ਵੀ ਸਿੰਘ-ਆਚਰਣ ਦੀ ਸਿਰਜਣਾ ਸੀ ਇਹ ਤਾਂ ਹੀ ਸਾਕਾਰ ਹੋ ਸਕਦਾ ਸੀ ਕਿ ਅਗਰ ਲਹਿਰ ਦਾ ਸੰਚਾਲਕ ਆਗੂ ਇਸ ਸਰੂਪ ਦਾ ਜਲਵਾ ਦਿਖਾਵੇ। ਨਿਰਭੈਤਾ ਵਾਲੇ ਕਰਮਯੋਗ ਨਾਲ ਗੁਰੂਆਂ ਇਹ ਰੰਗ ਦਿਖਾਇਆ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਕੁਰਬਾਨੀ ਇਸ ਸਿੰਘ- ਆਚਰਣ ਦੀ ਵਧੀਆ ਮਿਸਾਲ ਪੇਸ਼ ਕਰਦੀ ਹੈ। ਦਸਮੇਸ਼ ਜੀ ਨੇ ਆਪਣੇ ਪਿਤਾ ਦੇ ਕਾਰਨਾਮੇ ਸੰਬੰਧੀ ਕੇਵਲ ਸਤਰਾਂ ਲਿਖੀਆਂ ਹਨ, ਪਰ ਇਨ੍ਹਾਂ ਵਿਚ ਇਤਨਾ ਜਲਾਲ ਹੈ ਕਿ ਭੁਚਾਲ ਆਉਂਦਾ ਲਗਦਾ ਹੈ ਤੇ ਉਸ ਅੱਗੇ ਸਾਮਰਾਜ ਚੁਫਾਲ ਡਿਗਦਾ ਨਜ਼ਰੀਂ ਪੈਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਬਾਰੇ ਬਹੁਤ ਘੱਟ ਲਿਖਿਆ ਹੈ ਪਰ ਜੋ ਔਰੰਗਜ਼ੇਬ ਨੂੰ ਖ਼ਤ ਲਿਖੇ ਉਨ੍ਹਾਂ ਵਿਚ ਇਨ੍ਹਾਂ ਦਾ ਸੰਕੇਤ ਜ਼ਰੂਰ ਮਿਲਦਾ ਹੈ। ਗੁਰੂ ਸਾਹਿਬ ਦੇ ਦੋ ਖ਼ਤ ਪ੍ਰਾਪਤ ਹਨ-ਫ਼ਤਿਹਨਾਮਾ ਤੇ ਜ਼ਫਰਨਾਮਾ।

'ਫਤਿਹਨਾਮਾ' ਪਹਿਲਾ ਖ਼ਤ ਹੈ ਜਿਸ ਵਿਚ ਇਕ ਸ਼ਿਅਰ ਹੈ, ਕਿ ਕੀ ਹੋਇਆ ਜੇ ਗਿੱਦੜ ਨੇ ਛਲ ਫਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ-

ਚੇ ਸ਼ੁਦ ਗਰ ਸ਼ਗਾਲੇ ਬ-ਮੱਕਰੋ ਰਿਆ
ਹਮੀ ਕੁਸ਼ਤ ਦੋ ਬੱਚਾ ਏ ਸ਼ੇਰ ਰਾ ॥੧੪ ॥(ਫਤਹਿਨਾਮਾ)

ਦੂਸਰੀ ਚਿੱਠੀ 'ਜ਼ਫ਼ਰਨਾਮੇ' ਵਿਚ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਵੱਲ ਸੰਕੇਤ ਕਰਕੇ ਕਿਹਾ ਹੈ, ਕਿ ਕੀ ਹੋਇਆ ਜੇ ਚਾਰ ਮਾਰੇ ਗਏ, ਅਜੇ ਕੁੰਡਲੀਆ ਨਾਗ ਤਾਂ ਬਾਕੀ ਹੈ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ ॥
ਕਿ ਬਾਕੀ ਬਿਮਾਂਦ ਅਸਤੁ ਪੇਚੀਦਹ ਮਾਰ ॥੭੮ ॥(ਜ਼ਫ਼ਰਨਾਮਾ)

ਸਾਹਿਬਜ਼ਾਦੇ :-

ਅਸੀਂ ਚਾਰ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਲਈ ਹੀ ਨਹੀਂ ਕਰਦੇ ਕਿ ਇਨ੍ਹਾਂ ਦਾ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ; ਸਗੋਂ ਇਸ ਵਡਿਆਈ ਦਾ ਅਸਲ ਕਾਰਣ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਹੋਈ ਸੀ। ਇਹ ਸ਼ੇਰ ਦੇ ਬੱਚੇ ਸਨ ਤੇ ਉਨ੍ਹਾਂ ਸ਼ੇਰਾਂ ਵਾਲੇ ਕਾਰਨਾਮੇ ਕੀਤੇ। ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਨ੍ਹਾਂ ਰੀਝਾਇਆ, ਉਹ ਬੇਮਿਸਾਲ ਹੈ। ਸ਼ਹੀਦੀ ਦਾ ਜੋ ਸਬਕ ਉਨ੍ਹਾਂ ਪੜ੍ਹਾਇਆ ਉਹ ਹਰ ਸਿੱਖ ਨੂੰ ਇਤਨਾ ਕੰਠ ਹੋ ਗਿਆ ਹੈ ਕਿ ਕਦੀ ਭੁਲਾਇਆ ਜਾਣ ਵਾਲਾ ਨਹੀਂ ਸੱਚ ਪੁੱਛੋ ਤਾਂ ਇਹ ਸਾਹਿਬਜ਼ਾਦਿਆਂ ਦੀ ਕੁਰਬਾਨੀ ਹੀ ਹੈ, ਜਿਸ ਨੇ ਸਿੱਖ ਲਹਿਰ 'ਸਿੰਘ ਲਹਿਰ' ਬਣਾ ਕੇ ਇਨਕਲਾਬੀ ਰਸਤੇ ਪਾਇਆ।

ਬਾਬਾ ਬੰਦਾ ਸਿੰਘ ਜੀ ਬਹਾਦਰ ਪਾਸ ਕੋਈ ਵੀ ਐਸਾ ਸਾਜ਼ੋ-ਸਾਮਾਨ ਨਹੀਂ ਸੀ ਜੋ ਪੰਜਾਬੀਆਂ ਨੂੰ ਹਲੂਣ ਕੇ ਮੁਗ਼ਲਾਂ ਨਾਲ ਲੜਾਉਂਦਾ। ਉਸ ਨੇ ਪੰਜਾਬ ਵਿਚ ਆ ਕੇ ਇਕੋ ਹੋਕਾ ਦਿੱਤਾ ਸੀ ਕਿ 'ਤੁਹਾਨੂੰ ਚਮਕੌਰ ਯਾਦ ਕਰਦਾ ਹੈ, ਤੁਹਾਨੂੰ ਸਰਹੰਦ ਸੱਦਾ ਦਿੰਦੀ ਹੈ, ਆਓ! ਉਨ੍ਹਾਂ ਮਹਿਲਾਂ ਤੇ ਦੀਵਾਰਾਂ ਨੂੰ ਢਾਹੀਏ ਜਿਥੇ ਜਾਬਰ ਸ਼ਹਿਨਸ਼ਾਹੀਆਂ ਨੇ ਆਸਣ ਜਮਾਇਆ ਹੋਇਆ ਹੈ।'

ਆਖਿਰ ਇਸ ਵੰਗਾਰ ਦਾ ਪੂਰਾ-ਪੂਰਾ ਸਤਿਕਾਰ ਤੇ ਜੈ-ਜੈਕਾਰ ਹੋਇਆ।

ਸ਼ਹੀਦੀਆਂ ਦੀ ਬਰਕਤ ਨਾਲ ਨਵੇਂ 'ਫ਼ਤਿਹਗੜ੍ਹ' ਆਬਾਦ ਹੋਏ। ਸੋ ਇਹ ਅਤਿਕਥਨੀ ਨਹੀਂ ਕਿ ਇਸ ਸ਼ਹਾਦਤ ਨੇ ਸਾਡੇ ਇਤਿਹਾਸ ਨੂੰ ਸਹੀ ਪਾਸੇ ਤੁਰਨ ਲਈ ਸੁਚੱਜੀ ਤੇ ਸ਼ਕਤੀਸ਼ਾਲੀ ਅਗਵਾਈ ਦਿੱਤੀ ਹੈ ਅਤੇ ਸਿੱਖ ਸੰਗਤਾਂ ਸਦਾ ਹੀ ਇਸ ਨੂੰ ਦਿਲੋਂ, ਮਨੋਂ ਸ਼ਰਧਾਂਜਲੀ ਅਰਪਨ ਕਰਦੀਆਂ ਆ ਰਹੀਆਂ ਹਨ।

ਪੰਜਾਬੀ ਕਵੀਆਂ ਨੇ ਇਸ ਕਥਾ ਨੂੰ ਬਾਰ-ਬਾਰ ਨਵੇਂ ਸੁਰਾਂ ਵਿਚ ਗਾਂਵਿਆ ਹੈ ਕਿੱਸਿਆਂ ਵਿਚ ਵੀ ਤੇ ਵਾਰਾਂ, ਜੰਗਨਾਮਿਆਂ ਵਿਚ ਵੀ। ਗੱਲ ਵੀ ਅਨੋਖੀ ਭਾਂਤ ਦੀ ਹੈ ਜਿਸ ਪਿਤਾ ਦੇ ਚਾਰੇ ਬੱਚੇ ਦੋ ਹਫ਼ਤਿਆਂ ਵਿਚ ਇਉਂ ਸ਼ਹੀਦ ਹੋ ਗਏ ਹੋਣ, ਉਸ ਦੇ ਹਿਰਦੇ ਦੀ ਅਵਸਥਾ ਨੂੰ ਸਮਝਣਾ ਸੌਖੀ ਗੱਲ ਨਹੀਂ। ਇਕ ਕਵੀ ਨੇ ਇਹ ਵੇਦਨਾ-ਮਈ ਮਾਨਸਿਕ ਚਿਤ੍ਰ ਇਉਂ ਖਿੱਚਿਆ ਹੈ:

**ਖੁਸ਼ੀ ਨਾਲ ਕੁਰਬਾਨੀਆਂ ਦੇਣ ਚਲੇ, ਜੋੜੀ ਏਸ ਪਾਸੇ ਜੋੜੀ ਓਸ ਪਾਸੇ।**
**ਉਸ ਵੇਲੇ ਸਰਕਾਰ ਨੂੰ ਖਿੱਚ ਹੈਸੀ, ਥੋੜ੍ਹੀ ਏਸ ਪਾਸੇ ਥੋੜ੍ਹੀ ਓਸ ਪਾਸੇ।**
**ਇਹ ਤਾਂ ਕੋਈ ਵੀ ਆਖ ਨਹੀਂ ਸਕਦਾ ਜੇ, ਜੋੜੀ ਏਸ ਪਾਸੇ ਤੋੜੀ ਓਸ ਪਾਸੇ।**
**ਚਾਰੇ ਲਾਲ ਦਸ਼ਮੇਸ਼ ਨੇ ਵਾਰ ਕੇ, ਤੋੜੀ ਏਸ ਪਾਸੇ ਜੋੜੀ ਓਸ ਪਾਸੇ।**



ਇਸ ਲਾਸਾਨੀ ਕੁਰਬਾਨੀ ਨੇ ਗ਼ੈਰ ਸਿੱਖ ਕਵੀਆਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ, ਇਸ ਵਿਚ ਅੱਲ੍ਹਾ ਯਾਰ ਖਾਂ ਜੋਗੀ ਦਾ ਕਲਾਮ ਕਮਾਲ ਦਾ ਹੈ, ਜਿਸ ਨੇ ਇਨ੍ਹਾਂ ਸ਼ਹੀਦੀ ਸਾਕਿਆਂ ਬਾਰੇ 'ਗੰਜਿ ਸ਼ਹੀਦਾਂ' ਅਤੇ 'ਸ਼ਹੀਦਾਨਿ ਵਫਾ' ਨਾਂ ਦੀਆਂ ਦੋ ਲੰਮੀਆਂ ਨਜ਼ਮਾਂ ਲਿਖੀਆਂ ਜੋ ਪਿਛਲੇ ੬੦ -੭੦ ਵਰ੍ਹਿਆਂ ਵਿਚ ਬਹੁਤ ਪੜ੍ਹੀਆਂ ਸੁਣੀਆਂ ਗਈਆਂ ਹਨ। ਮਿਰਜ਼ਾ ਮੁਹੰਮਦ ਅਬਦੁਲ ਗਨੀ ਨੇ 'ਜੌਹਰਿ-ਤੇਗ਼' ਨਾਮ ਹੇਠ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਿਖੀ ਸੀ, ਉਸ ਦੇ ਸ਼ੇਅਰ ਅਜੇ ਤਕ ਲੋਕਾਂ ਦੀ ਜ਼ਬਾਨ 'ਤੇ ਹਨ। ਮਿਸਾਲ ਲਈ:

**ਲੜਕੇ ਨੇ ਲੜ ਕੇ ਜਾਨ ਦੀ ਆਖਰ ਕੇ ਜੰਗ ਮੇਂ।**
**ਆਯਾ ਥਾ ਹੌਸਲੇ ਸੇ ਧਰਮ ਕੀ ਉਮੰਗ ਮੇਂ।**
**ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਯੂੰਹੀ ਖ਼ਬਰ।**
**ਜਾਨਾ ਯਿ ਬਾਪ ਨੇ ਹੂਆ ਕਤਲ ਵੁਹ ਪਿਸਰ।**
**ਸ਼ੁਕਰ ਅਕਾਲ ਪੁਰਖ ਕਾ ਕੀਆ ਝਟ ਉਠਾ ਕੇ ਸਰ।**
**ਔਰ ਅਰਜ਼ ਕੀ ਕਿ ਬੰਦਾ ਪਿ ਕ੍ਰਿਪਾ ਕੀ ਕਰ ਨਜ਼ਰ।**
**'ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ।**
**ਬੇਟੇ ਕੀ ਜਾਂ ਧਰਮ ਕੀ ਖ਼ਾਤਰ, ਫਿਦਾ ਹੂਈ।'**

ਅੱਲ੍ਹਾ ਯਾਰ ਖਾਂ ਜੋਗੀ ਦੇ ਸ਼ਿਅਰਾਂ ਨੂੰ ਕੋਈ ਨਹੀਂ ਭੁਲਦਾ। ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਕੀ ਸੋਚਦੇ ਹਨ ਤੇ ਕੀ ਤੱਕਦੇ ਹਨ:

**ਜਬ ਦੂਰ ਸੇ ਦਰਿਆ ਕੇ ਕਿਨਾਰੇ ਨਜ਼ਰ ਆਏ। ਡੂਬੇ ਸਰਸਾ ਮੇਂ ਪਿਆਰੇ ਨਜ਼ਰ ਆਏ।**
**ਯਿਹ ਦੇਖ ਕੇ ਬਿਗੜੇ ਹੂਏ ਸਾਰੇ ਨਜ਼ਰ ਆਏ। ਬਿਫਰੇ ਹੂਏ ਸਤਿਗੁਰ ਕੇ ਦੁਲਾਰੇ ਨਜ਼ਰ ਆਏ।**
**ਕਹਤੇ ਥੇ ਇਜਾਜ਼ਤ ਹੀ ਨਹੀਂ ਹੈ ਹਮੇਂ ਰਨ ਕੀ। ਮਿੱਟੀ ਤਕ ਉੜਾ ਸਕਤੇ ਹੈਂ, ਦੁਸ਼ਮਨ ਕੇ ਚਮਨ ਕੀ।੨।**
**ਤੂਫਾਂ ਜ਼ਦਾ ਦਰਿਆ ਕੋ ਅਭੀ ਪਾਰ ਕਰੇਂਗੇ। ਠੋਕਰ ਸੇ ਹਰ ਮੌਜ ਕੋ, ਹਮ ਵਾਰ ਕਰੇਂਗੇ।**
**ਬਦ ਅਹਿਦ ਸਿਤਮਗਾਰੋਂ ਸੇ, ਪੈਕਾਰ ਕਰੇਂਗੇ। ੩। ਹਮ ਦੋਨੋਂ ਤੋ ਦਸ ਲਾਖ ਕੋ ਫ਼ ਲਨਾਰ ਕਰੇਂਗੇ।**

**ਸਤਿਗੁਰੂ ਦੀ ਚੜ੍ਹਦੀ ਕਲਾ ਇਉਂ ਦੱਸੀ ਹੈ:**

**'ਜਬ ਡੇੜ੍ਹ ਘੜੀ ਰਾਤ ਗਈ ਜ਼ਿਕਰਿ ਖ਼ੁਦਾ ਮੇਂ। ਖ਼ੇਮੇ ਸੇ ਨਿਕਲ ਆਏ ਸਰਕਾਰ ਹਵਾ ਮੇਂ।**
**ਕਦਮੋਂ ਸੇ ਟਹਲਤੇ ਥੇ, ਮਗਰ ਦਿਲ ਥਾ ਦੁਆ ਮੇਂ। ਬੋਲੇ 'ਐ ਖ਼ੁਦਾਵੰਦ! ਹੂੰ ਖ਼ੁਸ਼ ਤੇਰੀ ਰਜ਼ਾ ਮੇਂ।**
**ਕਰਤਾਰ ਸੇ ਕਹਤੇ ਥੇ ਗੋਯਾ ਰੂ-ਬ-ਰੂ ਹੋ ਕਰ। ਕਲ ਜਾਊਂਗਾ ਚਮਕੌਰ ਸੇ, ਮੈਂ ਸੁਰਖ਼ਰੂ ਹੋ ਕਰ।੧੦।**
**(ਗੰਜਿ ਸ਼ਹੀਦਾਂ)**

**ਜੋਗੀ ਜੀ ਨੇ ਸ਼ੇਰ ਦੀ ਤਸ਼ਬੀਹ ਵੀ ਆਮ ਵਰਤੀ ਹੈ, ਜੈਸਾ ਕਿ ਲਿਖਿਆ ਹੈ:**

**ਜਿਸ ਦਮ ਹੂਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ। ਝੁੱਲਾਏ ਹੂਏ ਸ਼ੇਰ ਥੇ ਸਭ ਗ਼ੈਜ਼ ਕੇ ਮਾਰੇ। ੧।**
**ਲਾਖੋਂ ਕੀ ਜਾਨ ਲੇ ਕੇ, ਦਲੇਰੋਂ ਨੇ ਜਾਨ ਦੀ। ਸਤਿਗੁਰ ਗੁਰੂ ਗੋਬਿੰਦ ਕੇ, ਸ਼ੇਰੋਂ ਨੇ ਜਾਨ ਦੀ। ੬੩।**

**ਸਾਹਿਬਜ਼ਾਦਾ ਜੁਝਾਰ ਸਿੰਘ ਬਾਰੇ ਸ਼ਾਇਰ ਕਹਿੰਦਾ ਹੈ:-**

**'ਰੋਕੇ ਸੇ ਕਬੀ ਸ਼ੇਰ ਕਾ ਬਚਾ ਭੀ ਰੁਕਾ ਹੈ ? ਝੂਠੇ ਤੋ ਰੁਕੇਂ ਕੋਈ ਸੱਚਾ ਭੀ ਰੁਕਾ ਹੈ ?**
**ਪਤਝੜ ਮੇਂ ਸਮਰ ਸ਼ਾਖ ਪਿ ਬੱਚਾ ਭੀ ਰੁਕਾ ਹੈ ? ਸਰ ਦੇਨੇ ਸੇ ਰਬ ਕੋ, ਕੋਈ ਅੱਛਾ ਭੀ ਰੁਕਾ ਹੈ ?।੧੦੧।**
(ਗੰਜਿ ਸ਼ਹੀਦਾਂ)

ਜ਼ਮਾਨੇ ਨੇ ਦੇਖਿਆ ਕਿ ਸ਼ੇਰ ਦੇ ਬੱਚੇ ਸ਼ੇਰ ਵਾਂਗ ਹੀ ਭਬਕਦੇ ਰਹੇ ਤੇ ਦੁਸ਼ਮਣ ਉਨ੍ਹਾਂ ਤੋਂ ਤ੍ਰਬਕਦੇ ਰਹੇ। ਆਖਰ ਉਨ੍ਹਾਂ ਜਾਨਾਂ ਵਾਰ ਕੇ ਵੀ ਨਿਰਭੈਤਾ ਦਾ ਸਬਕ ਪੜ੍ਹਾਇਆ।

(ਪੁਸਤਕ 'ਸਿੱਖ ਇਤਿਹਾਸ ਦੇ ਸੂਰਬੀਰ ਯੋਧੇ ਚਾਰ ਸਾਹਿਬਜ਼ਾਦੇ' ਵਿਚੋਂ)

# ਸ਼ਹਾਦਤਾਂ ਦਾ ਸਫਰ : ਬਾਬਾ ਮੋਤੀ ਰਾਮ ਮਹਿਰਾ ਜੀ

ਬੀਤੇ 'ਚ ਆਪ ਨਾਲ ਗੁਰੂ ਗੋਬਿੰਦ ਸਿੰਘ ਜੀ ਵਲੋਂ ਪਰਿਵਾਰ ਅਤੇ ਸਿੰਘਾਂ ਸਮੇਤ ਅਨੰਦਪੁਰ ਸਾਹਿਬ ਦਾ ਕਿਲਾ ਛੱਡਣਾ, ਸਰਸਾ ਕੰਢੇ ਪਰਿਵਾਰ ਵਿਛੋੜਾ, ਚਮਕੌਰ ਦੀ ਗੜ੍ਹੀ 'ਚ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਸਮੇਤ ਹੋਰ ਸਿੰਘਾਂ ਦੀ ਸ਼ਹੀਦੀ ਬਾਰੇ ਸਾਂਝ ਪਾਈ ਸੀ। ਹੁਣ ਉਸਤੋਂ ਅੱਗੇ ਅੱਜ ਆਪਾਂ ਗੱਲ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਕਰਨੀ ਹੈ, ਜਿਨ੍ਹਾਂ ਦੀ ਪਰਿਵਾਰ ਸਮੇਤ ਕੁਰਬਾਨੀ ਇਸ ਸ਼ਹੀਦੀ ਸਾਕੇ ਦਾ ਅਹਿਮ ਅੰਗ ਹੈ।




ਸਰਸਾ ਨਦੀ ਤੋਂ ਵਿੱਛੜੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਨੂੰ ਅੱਗੇ ਚੱਲ ਕੇ ਕੁੰਮਾ ਮਾਸ਼ਕੀ ਮਿਲਿਆ, ਜੋ ਤਿੰਨਾਂ ਨੂੰ ਆਪਣੀ ਛੰਨ ਵਿੱਚ ਲੈ ਗਿਆ। ਇਤਿਹਾਸਕਾਰਾਂ ਅਨੁਸਾਰ ਗੰਗੂ ਬ੍ਰਹਮਣ ਕੁੰਮੇ ਮਾਸ਼ਕੀ ਦੀ ਛੰਨ 'ਚ ਆ ਕੇ ਹੀ ਮਾਤਾ ਜੀ ਨੂੰ ਮਿਲਿਆ। ਇਹ ਛੰਨ ਵਾਲਾ ਸਥਾਨ ਪਿੰਡ ਚੱਕ ਢੇਰਾ, ਜ਼ਿਲ੍ਹਾ ਰੋਪੜ ਵਿੱਚ ਹੀ ਹੈ।

ਗੰਗੂ ਬ੍ਰਾਹਮਣ ਦਾ ਪੂਰਾ ਨਾਮ ਗੰਗਾਧਰ ਕੌਲ ਸੀ। ਉਹ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁਝ ਸ਼ਾਹੀ ਫੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦੇ ਲਾਲਚ ਨਾਲ ਉਸਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਪਹਿਲਾਂ ਉਨ੍ਹਾਂ ਨੂੰ ਮੋਰਿੰਡਾ ਥਾਣੇ ਰੱਖਿਆ ਗਿਆ ਅਤੇ ਫਿਰ ਸੂਬਾ ਸਰਹੰਦ ਅੱਗੇ ਪੇਸ਼ ਕਰਕੇ ਠੰਡੇ ਬੁਰਜ 'ਚ ਕੈਦ ਕਰ ਦਿੱਤਾ ਗਿਆ।

ਜਦ ਬਾਬਾ ਮੋਤੀ ਰਾਮ ਮਹਿਰਾ ਨੂੰ ਪਤਾ ਲੱਗਾ ਕਿ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਠੰਢੇ ਬੁਰਜ ਵਿੱਚ ਕੈਦ ਕੀਤਾ ਹੋਇਆ ਹੈ। ਇਹ ਸੁਣ ਕੇ ਬਾਬਾ ਮੋਤੀ ਰਾਮ ਮਹਿਰਾ ਜੀ ਬਹੁਤ ਚਿੰਤਤ ਹੋਏ ਅਤੇ ਉਦਾਸੀ ਦੇ ਆਲਮ ਵਿੱਚ ਆਪਣੇ ਘਰ ਪਹੁੰਚੇ ਤਾਂ ਉਹਨਾ ਦੀ 70 ਸਾਲਾ ਬਜੁਰਗ ਮਾਤਾ ਅਤੇ ਪਤਨੀ ਭੋਈ ਨੇ ਮਾਯੂਸੀ ਦਾ ਕਾਰਨ ਪੁੱਛਿਆ।

ਬਾਬਾ ਮੋਤੀ ਰਾਮ ਮਹਿਰਾ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜਾਦੇ ਸੂਬੇ ਨੇ ਠੰਢੇ ਬੁਰਜ ਵਿੱਚ ਕੈਦ ਕਰਕੇ ਰੱਖੇ ਹੋਏ ਹਨ। ਉਹ ਕਈ ਦਿਨਾ ਤੋਂ ਭੁੱਖੇ ਅਤੇ ਪਿਆਸੇ ਹਨ। ਉਹਨਾ ਕੋਲ ਠੰਢ ਤੋਂ ਬਚਣ ਲਈ ਕੋਈ ਕੱਪੜਾ ਵੀ ਨਹੀ ਹੈ। ਇਹ ਦਰਦ ਭਰੀ ਦਾਸਤਾਨ ਸੁਣ ਕੇ ਉਹਨਾਂ ਦੀ ਮਾਤਾ ਅਤੇ ਪਤਨੀ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਪਰਿਵਾਰ ਦੀ ਜ਼ਰੂਰ ਹੀ ਸੇਵਾ ਕਰਨੀ ਚਾਹੀਦੀ ਹੈ। ਭਾਵੇਂ ਕਿ ਵਜੀਰ ਖਾਂ ਨੇ ਇਹ ਐਲਾਨ ਕੀਤਾ ਹੋਇਆ ਹੈ ਕਿ ਜੋ ਵੀ ਗੁਰੂ ਦੇ ਪਰਿਵਾਰ ਜਾਂ ਸਿੱਖ ਦੀ ਮਦਦ ਕਰੇਗਾ, ਉਸਨੂੰ ਪਰਿਵਾਰ ਸਮੇਤ ਕੋਹਲੂ ਵਿੱਚ ਪੀੜ ਦਿੱਤਾ ਜਾਵੇਗਾ।

ਫਿਰ ਵੀ ਸਾਰੇ ਪਰਿਵਾਰ ਨੇ ਸਲਾਹ ਕਰਕੇ ਬਾਬਾ ਮੋਤੀ ਰਾਮ ਮਹਿਰਾ ਨੂੰ ਦੁੱਧ ਦਾ ਗੜਵਾ ਭਰ ਕੇ ਦਿੱਤਾ ਅਤੇ ਕਿਹਾ ਕਿ ਜਾ ਕੇ ਗਰਮ-ਗਰਮ ਦੁੱਧ ਮਾਤਾ ਜੀ ਅਤੇ ਗੁਰੂ ਜੀ ਦੇ ਲਾਲਾਂ ਨੂੰ ਪਿਆਉ।

ਬਾਬਾ ਮੋਤੀ ਰਾਮ ਮਹਿਰਾ ਕਿਸੇ ਨਾ ਕਿਸੇ ਤਰੀਕੇ ਨਾਲ ਠੰਢੇ ਬੁਰਜ ਵਿੱਚ ਪਹੁੰਚ ਗਏ। ਜਦੋਂ ਮਾਤਾ ਗੁਜਰ ਕੌਰ ਅਤੇ ਸਾਹਿਬਜਦਿਆਂ ਨੇ ਕੜਾਕੇ ਦੀ ਠੰਢ ਵਿੱਚ ਗਰਮ-ਗਰਮ ਦੁੱਧ ਪੀਤਾ ਤਾਂ ਮਾਤਾ ਜੀ ਨੇ ਅਨੇਕਾਂ ਅਸੀਸਾਂ ਦਿੱਤੀਆਂ। ਤਿੰਨ ਰਾਤਾਂ ਇਸੇ ਤਰ੍ਹਾਂ ਹੀ ਠੰਢੇ ਬੁਰਜ ਵਿੱਚ ਪਹੁੰਚ ਕੇ ਦੁੱਧ ਅਤੇ ਪ੍ਰਸ਼ਾਦੇ ਦੀ ਸੇਵਾ ਕਰਦੇ ਰਹੇ।

ਗੰਗੂ ਬ੍ਰਾਹਮਣ ਦਾ ਭਰਾ ਜਿਸਦਾ ਨਾਮ ਪੰਮਾ ਸੀ ਅਤੇ ਉਹ ਵੀ ਬਾਬਾ ਮੋਤੀ ਰਾਮ ਮਹਿਰਾ ਨਾਲ ਰਸੋਈ ਵਿੱਚ ਹੀ ਕੰਮ ਕਰਦਾ ਸੀ। ਉਸਨੇ ਹੀ ਵਜੀਰ ਖਾਂ ਨੂੰ ਚੁਗਲੀ ਲਾਈ ਕਿ ਮੋਤੀ ਰਾਮ ਮਹਿਰੇ ਨੇ ਹਕੂਮਤ ਵੱਲੋਂ ਬਾਗੀ ਐਲਾਨ ਕੀਤੇ ਗਏ ਗੁਰੂ ਪਰਿਵਾਰ ਦੀ ਦੁੱਧ ਨਾਲ ਤਿੰਨ ਦਿਨ ਸੇਵਾ ਕੀਤੀ ਹੈ।

ਜਦੋਂ ਪੰਮੇ ਨੇ ਚੁਗਲੀ ਲਾਈ ਤਾਂ ਵਜੀਰ ਖਾਂ ਨੇ ਹੁਕਮ ਦਿੱਤਾ ਕਿ ਮੋਤੀ ਰਾਮ ਮਹਿਰਾ ਦੀਆਂ ਮੁਸ਼ਕਾਂ ਬੰਨ ਕੇ ਉਸਦੇ ਅੱਗੇ ਪੇਸ਼ ਕੀਤਾ ਜਾਏ। ਸਿਪਾਹੀਆਂ ਅਮਲ ਕਰਦਿਆਂ ਤੁਰੰਤ ਹੀ ਬਾਬਾ ਮੋਤੀ ਰਾਮ ਨੂੰ ਨੂੜ ਕੇ ਵਜ਼ੀਰ ਖਾਂ ਦੇ ਸਾਹਮਣੇ ਪੇਸ਼ ਕਰ ਦਿੱਤਾ।

ਵਜ਼ੀਰ ਖਾਂ ਨੇ ਕਰੋਧ ਨਾਲ ਅੱਗ ਬਬੂਲਾ ਹੋ ਕੇ ਕਿਹਾ ਕਿ ਮੋਤੀ ਰਾਮ ਤੇਰਾ ਗੁਨਾਹ ਬਹੁਤ ਵੱਡਾ ਹੈ। ਦੀਨ ਕਬੂਲ ਕੇ ਮੁਸਲਮਾਨ ਹੋ ਜਾ, ਨਹੀਂ ਤਾਂ ਤੈਨੂੰ ਪਰਿਵਾਰ ਸਮੇਤ ਕਤਲ ਕਰ ਦਿੱਤਾ ਜਾਵੇਗਾ। ਮੋਤੀ ਰਾਮ ਮਹਿਰਾ ਨੇ ਜਵਾਬ ਦਿੱਤਾ ਕਿ ਮੈਨੂੰ ਮੌਤ ਦਾ ਕੋਈ ਡਰ ਨਹੀਂ। ਜੇ ਗੁਰੂ ਦੇ ਲਾਲ ਸੱਤ ਸਾਲ ਅਤੇ ਨੌ ਸਾਲ ਦੀ ਉਮਰ ਵਿੱਚ ਤੇਰੇ ਡਰਾਵੇ ਨਾਲ ਮੁਸਲਮਾਨ ਨਹੀਂ ਹੋਏ ਤਾ ਮੈ ਤਾਂ ਜਵਾਨ ਮਰਦ ਹਾਂ। ਮੇਰੇ ਤੇ ਤੇਰਾ ਕੀ ਅਸਰ ਹੋਣਾ ਹੈ ?

ਇਹ ਸੁਣਦਿਆਂ ਹੀ ਸੂਬੇ ਨੇ ਹੁਕਮ ਦਿੱਤਾ ਕਿ ਇਸਦੇ ਪਰਿਵਾਰ ਨੂੰ ਨਰੜ ਕੇ ਲਿਆਉ। ਬਾਬਾ ਮੋਤੀ ਰਾਮ ਮਹਿਰਾ ਦੀ ਮਾਤਾ, ਪਤਨੀ ਅਤੇ 7 ਸਾਲ ਦੇ ਪੁੱਤਰ ਨਰਾਇਣੇ ਨੂੰ ਬੰਨ੍ਹ ਕੇ ਤੇਲੀਆਂ ਮੁਹੱਲੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਕੋਹਲੂ ਦੇ ਕੋਲ ਲਿਆਂਦਾ ਅਤੇ ਕੋੜੇ ਮਾਰ-ਮਾਰ ਕੇ ਅਧਮੋਏ ਕਰ ਦਿੱਤਾ।

ਇੱਕ ਵਾਰੀ ਫਿਰ ਵਜੀਰ ਖਾਂ ਨੇ ਪੁੱਛਿਆ ਕਿ ਜੇ ਉਹਨਾ ਦੀ ਅਕਲ ਟਿਕਾਣੇ ਆ ਗਈ ਹੈ ਤਾਂ ਹਾਲੇ ਵੀ ਇਸਲਾਮ ਕਬੂਲ ਕਰ ਲਵੋ ਤਾਂ ਜਾਨ ਬਖਸ਼ ਦਿੱਤੀ ਜਾਵਗੀ। ਇਹ ਸੁਣਦਿਆਂ ਹੀ ਸਾਰੇ ਪਰਿਵਾਰ ਨੇ ਧਰਮ ਛੱਡਣ ਤੋਂ ਇਨਕਾਰ ਕਰ ਦਿੱਤਾ। ਸੂਬੇ ਨੇ ਕ੍ਰੋਧ ਵਿੱਚ ਆ ਕੇ ਕਿਹਾ ਕਿ ਸਾਰੇ ਪਰਿਵਾਰ ਨੂੰ ਕੋਹਲੂ ਵਿੱਚ ਪੀੜ ਦਿੱਤਾ ਜਾਵੇ।

ਹੁਕਮ ਦੀ ਤਾਮੀਲ ਹੋਈ। ਸਭ ਤੋਂ ਪਹਿਲਾਂ ਜਲਾਦਾਂ ਨੇ ਉਹਨਾਂ ਦੇ 7 ਸਾਲ ਦੇ ਸਪੁੱਤਰ ਨਰਾਇਣੇ ਨੂੰ ਮਾਂ ਦੀ ਗੋਦ ਵਿੱਚੋਂ ਧੱਕੇ ਨਾਲ ਖੋਹ ਕੇ ਕੋਹਲੂ ਵਿੱਚ ਪੀੜ੍ਹ ਕੇ ਸ਼ਹੀਦ ਕਰ ਦਿੱਤਾ। ਫਿਰ ਜਲਾਦਾਂ ਨੇ ਬਾਬਾ ਮੋਤੀ ਰਾਮ ਮਹਿਰਾ ਦੀ 70 ਸਾਲਾ ਮਾਤਾ ਲੱਧੋ ਨੂੰ ਵੀ ਕੋਹਲੂ ਵਿੱਚ ਪੀੜ ਦਿੱਤਾ। ਇਹ ਦ੍ਰਿਸ਼ ਦੇਖ ਕੇ ਲੋਕ ਤ੍ਰਾਹ ਤ੍ਰਾਹ ਕਰ ਉਠੇ।

ਫਿਰ ਵਾਰੀ ਆਈ ਬੀਬੀ ਭੋਈ ਦੀ, ਉਸਨੂੰ ਵੀ ਕੋਹਲੂ ਵਿੱਚ ਪੀੜ੍ਹ ਕੇ ਸ਼ਹੀਦ ਕਰ ਦਿੱਤਾ। ਅਖੀਰ ਆਪਣੀ ਹਾਰ ਅਤੇ ਬੇਇਜਤੀ ਮਹਿਸੂਸ ਕਰਦਿਆਂ ਸੂਬੇ ਨੇ ਬਾਬਾ ਮੋਤੀ ਰਾਮ ਮਹਿਰਾ ਨੂੰ ਵੀ ਕਤਲ ਕਰਨ ਦਾ ਹੁਕਮ ਦੇ ਦਿੱਤਾ। ਇਸ ਤਰਾਂ ਸਰਬੰਸਦਾਨੀ ਗੁਰੂ ਦਾ ਸਿੱਖ ਸਮੇਤ ਪਰਿਵਾਰ ਸ਼ਹੀਦੀ ਜਾਮ ਪੀ ਕੇ ਅਮਰ ਹੋ ਗਿਆ।

ਇਹ ਕੁਰਬਾਨੀ ਕੋਈ ਛੋਟੀ ਨਹੀਂ ਪਰ ਬਹੁਤੇ ਸਿੱਖ ਇਸ ਤੋਂ ਨਾਵਾਕਫ ਹਨ। ਸਾਡਾ ਫਰਜ਼ ਬਣਦਾ ਹੈ ਕਿ ਸ਼ਹੀਦੀ ਸਾਕੇ ਨੂੰ ਯਾਦ ਕਰਦਿਆਂ ਹਰ ਉਸ ਸ਼ਖਸ ਨੂੰ ਯਾਦ ਕਰੀਏ, ਜਿਸਨੇ ਇਨ੍ਹੀਂ ਦਿਨੀਂ ਗੁਰੂ ਪਰਿਵਾਰ ਲਈ ਹਾਅ ਦਾ ਨਾਅਰਾ ਮਾਰਿਆ ਸੀ। ਗੁਰਦੁਆਰਿਆਂ 'ਚ ਇਨ੍ਹਾਂ ਯੋਧਿਆਂ ਦੀ ਗੱਲ ਕਰੀਏ ਤੇ ਸੀਸ ਝੁਕਾਈਏ।

# ਸ਼ਹਾਦਤਾਂ ਦਾ ਸਫਰ: ਚੌਧਰੀ ਨਿਹੰਗ ਖਾਂ, ਬੀਬੀ ਮੁਮਤਾਜ ਅਤੇ ਭਾਈ ਨਬੀ ਖਾਨ-ਭਾਈ ਗ਼ਨੀ ਖਾਨ

ਗੁਰੂ ਘਰ ਦੇ ਅਨੇਕਾਂ ਸ਼ਰਧਾਲੂ ਸਨ, ਜਿਨ੍ਹਾਂ ਦਾ ਧਰਮ ਹੋਰ ਸੀ ਪਰ ਉਨ੍ਹਾਂ ਜਾਨ ਦੀ ਪਰਵਾਹ ਕੀਤੇ ਬਿਨਾ ਗੁਰੂ ਸਾਹਿਬ ਦੀ ਔਖੇ ਸਮੇਂ ਮਦਦ ਕੀਤੀ। ਉਨ੍ਹਾਂ 'ਚੋਂ ਇੱਕ ਪਰਿਵਾਰ ਸੀ; ਚੌਧਰੀ ਨਿਹੰਗ ਖਾਂ ਅਤੇ ਉਸਦੀ ਬੇਟੀ ਬੀਬੀ ਮੁਮਤਾਜ। ਗੁਰੂ ਸਾਹਿਬ ਨੂੰ ਉੱਚ ਦਾ ਪੀਰ ਬਣਾ ਕੇ ਲਿਜਾਣ ਵਾਲੇ ਭਾਈ ਨਬੀ-ਭਾਈ ਗ਼ਨੀ ਖਾਨ ਚੌਧਰੀ ਨਿਹੰਗ ਖਾਂ ਦੇ ਭਾਣਜੇ ਸਨ।

ਇਹ ਪਰਿਵਾਰ ਪੀੜ੍ਹੀਆਂ ਤੋਂ ਗੁਰੂ ਘਰ ਦਾ ਸੇਵਕ ਸੀ ਤੇ ਸੱਤ ਗੁਰੂ ਸਹਿਬਾਨ ਨੇ ਇਹਨਾਂ ਦੇ ਘਰ ਚਰਨ ਪਾਏ ਸਨ। ਨਿਹੰਗ ਖਾਂ ਪਠਾਣ ਸ਼ਾਹ ਸੁਲੇਮਾਨ ਗਜ਼ਨਵੀ ਦੀ ਕੁਲ ਵਿਚੋਂ ਨੌਰੰਗ ਖਾਂ ਦਾ ਪੁੱਤਰ ਸੀ, ਜਿਸਦੀ ਪਤਨੀ ਜ਼ੈਨਾ ਬੇਗਮ, ਪੁੱਤਰ ਆਲਮ ਖਾਂ ਤੇ ਪੁੱਤਰੀ ਮੁਮਤਾਜ ਗੁਰੂ ਜੀ ਦੇ ਚੰਗੇ ਪ੍ਰੇਮੀ ਸਨ।

ਇਨ੍ਹਾਂ ਵਿੱਚ ਸ਼ਰਧਾ ਦਾ ਮੁੱਢਲਾ ਕਾਰਨ ਇਹ ਸੀ ਕਿ ਨੌਰੰਗ ਖਾਂ ਦਾ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਮੁਰੀਦ ਸੀ। ਇਸ ਦੇ ਘਰ ਵਿੱਚ ਸ਼ਰਧਾ, ਲਗਨ ਤੇ ਪਿਆਰ ਸੀ। ਫਿਰ ਨੌਰੰਗ ਖਾਂ ਤੇ ਨਿਹੰਗ ਖਾਂ ਪਿਉ-ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਆ ਕੇ ਚੰਗੀ ਨਸਲ ਦੇ ਘੋੜੇ ਲਿਆ ਕੇ ਦਿਆ ਕਰਦੇ ਸਨ।

ਸਿੱਖ ਇਤਿਹਾਸ ਅਨੁਸਾਰ ਜਦੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਪਾਰ ਕਰਕੇ ਪਹਾੜੀ ਰਾਜਿਆਂ ਅਤੇ ਮੁਗਲ ਫੌਜ ਨਾਲ ਜੰਗ ਲੜਦੇ ਹੋਏ ਰੋਪੜ ਕੋਲ ਪਠਾਣਾਂ ਦੇ ਭੱਠੇ ਪਾਸ ਪਹੁੰਚੇ ਤੇ ਆਪਣੇ ਨੀਲੇ ਘੋੜੇ ਦੇ ਪੌੜਾਂ ਨਾਲ ਭੱਠਾ ਠੰਢਾ ਕੀਤਾ ਸੀ। ਇੱਥੇ ਗੁਰਦੁਆਰਾ ਭੱਠਾ ਸਾਹਿਬ ਬਣਿਆ ਹੋਇਆ ਹੈ।

ਬਾਅਦ ਵਿੱਚ ਭੱਠੇ ਦਾ ਮਾਲਕ ਚੌਧਰੀ ਪਠਾਣ ਨਿਹੰਗ ਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸੂਚਨਾ ਮਿਲਦੇ ਹੀ ਉਨ੍ਹਾਂ ਨੂੰ ਆਪਣੇ ਕਿਲ੍ਹੇ ਵਿੱਚ ਲੈ ਗਿਆ। ਕਿਸੇ ਚੁਗਲ (ਟਾਊਟ) ਨੇ ਰੋਪੜ ਦੇ ਕੋਤਵਾਲ ਚੌਧਰੀ ਜ਼ਾਫਰ ਅਲੀ ਖਾਂ ਪਾਸ ਚੁਗਲੀ ਕੀਤੀ ਕਿ ਨਿਹੰਗ ਖਾਂ ਦੇ ਪਾਸ ਕੁਝ ਸਿੱਖ ਉਤਰੇ ਹੋਏ ਹਨ। ਸਵੇਰੇ ਤੜਕੇ ਹੀ ਮੁਗਲ ਫੌਜ ਨੇ ਕਿਲ੍ਹੇ ਦੀ ਘੇਰਾਬੰਦੀ ਕਰ ਲਈ ਜਦਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇਰ ਰਾਤ ਕਿਲੇ 'ਚੋਂ ਚਲੇ ਗਏ ਸਨ।

ਸਾਰੇ ਕਿਲ੍ਹੇ ਦੀ ਤਲਾਸ਼ੀ ਲੈਣ ਪਿੱਛੋਂ ਕੇਵਲ ਇਕ ਕਮਰਾ ਹੀ ਬਾਕੀ ਰਹਿ ਗਿਆ ਸੀ, ਜਿਸ ਵਿੱਚ ਜ਼ਖਮੀ ਹੋਇਆ ਭਾਈ ਬਚਿੱਤਰ ਸਿੰਘ ਤੇ ਪਠਾਣ ਦੀ ਲੜਕੀ ਮੁਮਤਾਜ ਇਸ ਦੀ ਸੇਵਾ ਵਿੱਚ ਸੀ। ਕੋਤਵਾਲ ਇਸ ਕਮਰੇ ਪਾਸ ਗਿਆ ਤੇ ਅੱਗੋਂ ਨਿਹੰਗ ਖਾਂ ਨੇ ਕਿਹਾ ਕਿ ਇਸ ਕਮਰੇ ਵਿੱਚ ਮੇਰੀ ਲੜਕੀ ਤੇ ਦਾਮਾਦ ਹਨ। ਇਹ ਸੁਣ ਕੇ ਮੁਗਲ ਫੌਜ ਗੁਸਤਾਖੀ ਮਾਫ ਕਹਿ ਕੇ ਕਿਲ੍ਹੇ ਤੋਂ ਵਾਪਸ ਚਲੀ ਗਈ।




ਅਗਲੀ ਸਵੇਰ ਬੀਬੀ ਮੁਮਤਾਜ ਨੇ ਆਪਣੇ ਪਿਤਾ ਨਿਹੰਗ ਖਾਂ ਨੂੰ ਬੇਨਤੀ ਕੀਤੀ ਕਿ ਉਹ ਸਾਰੀ ਉਮਰ ਗੁਰੂਘਰ ਦੀ ਸੇਵਾ ਸਿਮਰਨ ਵਿੱਚ ਗੁਜ਼ਾਰਨਾ ਚਾਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬੀਬੀ ਮੁਮਤਾਜ ਦੀ ਬੇਨਤੀ ਉੱਤੇ ਉਨ੍ਹਾਂ ਨੂੰ ਗਾਤਰਾ ਤੇ ਕ੍ਰਿਪਾਨ ਭੇਟ ਕੀਤੀ ਸੀ। ਗੁਰੂ ਨੇ ਵਚਨ ਕੀਤਾ ਕਿ ਮੈਂ ਤੁਹਾਡੇ ਅੰਗ- ਸੰਗ ਰਹਾਂਗਾ। ਇਹ ਕ੍ਰਿਪਾਨ ਤੇ ਕਟਾਰ ਅੱਜ ਕੱਲ ਗੁਰਦੁਆਰਾ ਭੱਠਾ ਸਾਹਿਬ, ਕੋਟਲਾ ਨਿਹੰਗ (ਰੋਪੜ) ਵਿੱਚ ਸੁਸ਼ੋਭਿਤ ਹਨ।

ਚੌਧਰੀ ਨਿਹੰਗ ਖਾਂ ਨੇ ਬੀਬੀ ਮੁਮਤਾਜ ਦੀ ਇੱਛਾ ਅਨੁਸਾਰ ਪਿੰਡ ਨਾਰੰਗ ਬੜੀ ਵਿੱਚ ਉੱਚੀ ਪਹਾੜੀ 'ਤੇ ਕਿਲ੍ਹਾ ਉਸਾਰ ਦਿੱਤਾ, ਜਿੱਥੇ ਉਨ੍ਹਾਂ ਭਗਤੀ ਕੀਤੀ। ਬੀਬੀ ਮੁਮਤਾਜ ਇੱਥੇ ਹੀ ਜੋਤੀ ਜੋਤ ਸਮਾ ਗਏ। ਇਸ ਸਥਾਨ ਉਪਰ ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜ ਸੁਸ਼ੋਭਿਤ ਹੈ। ਚਮਕੌਰ ਦੀ ਗੜ੍ਹੀ 'ਚ ਵੱਡੇ ਸਾਹਿਬਜ਼ਾਦੇ ਅਤੇ ਸਿੰਘ ਸ਼ਹੀਦ ਹੋਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲ 'ਚ ਪੁੱਜੇ। ਗੁਰੂ ਜੀ ਨੇ ਜਿਸ ਬਾਗ ਵਿੱਚ ਖੂਹ ਤੋਂ ਪਾਣੀ ਪੀਤਾ ਤੇ ਟਿੰਡ ਦਾ ਸਰਾਹਣਾ ਲਾ ਕੇ ਜੰਡ ਹੇਠ ਆਰਾਮ ਕੀਤਾ ਸੀ, ਉਥੇ ਅੱਜ-ਕੱਲ੍ਹ ਸ਼ਾਨਦਾਰ ਗੁਰਦੁਆਰਾ ਚਰਨ ਕੰਵਲ ਸਾਹਿਬ ਹੈ।

ਗੁਰੂ ਸਾਹਿਬ ਦੇ ਪਹੁੰਚਣ ਦੀ ਖ਼ਬਰ ਉਨ੍ਹਾਂ ਦੇ ਹਿਤੈਸ਼ੀ ਤੇ ਸ਼ਰਧਾਲੂ ਭਾਈ ਗੁਲਾਬੇ ਤੇ ਭਾਈ ਗ਼ਨੀ ਖਾਨ, ਭਾਈ ਨਬੀ ਖਾਨ ਭਰਾਵਾਂ ਨੂੰ ਮਿਲ ਗਈ ਸੀ। ਉਹ ਗੁਰੂ ਸਾਹਿਬ ਨੂੰ ਭਾਈ ਗੁਲਾਬੇ ਦੇ ਘਰ ਲੈ ਆਏ। ਇਥੇ ਅੱਜ-ਕੱਲ੍ਹ ਗੁਰਦੁਆਰਾ ਚੁਬਾਰਾ ਸਾਹਿਬ ਬਣਿਆ ਹੋਇਆ ਹੈ। ਭਾਈ ਗੁਲਾਬੇ ਦੇ ਘਰ ਗੁਰੂ ਜੀ ਨੇ ਇਕ ਰਾਤ ਗੁਜ਼ਾਰੀ ਸੀ। ਇਥੇ ਹੀ ਮਾਈ ਹਰਦੇਈ ਨੇ ਆਪਣੇ ਹੱਥੀਂ ਤਿਆਰ ਕੀਤਾ ਚਿੱਟਾ ਪੁਸ਼ਾਕਾ ਗੁਰੂ ਸਾਹਿਬ ਨੂੰ ਅਤਿ ਸ਼ਰਧਾ ਤੇ ਪਿਆਰ-ਸਤਿਕਾਰ ਸਹਿਤ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਉਸ ਚੋਲੇ ਨੂੰ ਨੀਲਾ ਰੰਗਵਾ ਕੇ ਪਹਿਨ ਲਿਆ ਸੀ। ਜਿਸ ਮੱਟ ਵਿੱਚ ਇਹ ਚੋਲਾ ਰੰਗਿਆ ਗਿਆ ਸੀ, ਉਹ ਮੱਟ ਹੁਣ ਵੀ ਏਸੇ ਗੁਰਦੁਆਰਾ ਮੱਟ ਸਾਹਿਬ ਵਿੱਚ ਸੁਰੱਖਿਅਤ ਹੈ।

ਅਗਲੇ ਦਿਨ ਸ਼ਾਹੀ ਫੌਜਾਂ ਗੁਰੂ ਸਾਹਿਬ ਦਾ ਪਿੱਛਾ ਕਰਦੀਆਂ ਮਾਛੀਵਾੜੇ ਆ ਪੁੱਜੀਆਂ ਸਨ। ਹਾਲਾਤ ਨੂੰ ਵੇਖਦੇ ਹੋਏ ਭਾਈ ਗੁਲਾਬਾ, ਭਾਈ ਗ਼ਨੀ ਖਾਨ ਤੇ ਭਾਈ ਨਬੀ ਖਾਨ ਗੁਰੂ ਸਾਹਿਬ ਨੂੰ ਗੁਲਾਬੇ ਦੇ ਘਰੋਂ ਆਪਣੇ ਘਰ ਲੈ ਆਏ ਸਨ। ਭਾਈ ਗ਼ਨੀ ਖਾਨ- ਭਾਈ ਨਬੀ ਖਾਨ ਦੇ ਘਰ ਵਿੱਚ ਗੁਰਦੁਆਰਾ ਭਾਈ ਗ਼ਨੀ ਖਾਨ- ਭਾਈ ਨਬੀ ਖਾਨ ਬਣਾਇਆ ਗਿਆ ਹੈ। ਉਨ੍ਹਾਂ ਦੇ ਮਜ਼ਾਰ ਨੂੰ ਵੀ ਨਵਾਂ ਰੂਪ ਦਿੱਤਾ ਗਿਆ ਹੈ।

ਗੁਰੂ ਜੀ ਵੱਲੋਂ ਲਿਖਿਆ 'ਹੁਕਮਨਾਮਾ' ਵੀ ਇਸ ਗੁਰਦੁਆਰੇ ਵਿੱਚ ਸਾਂਭਿਆ ਪਿਆ ਹੈ। ਇਸੇ ਪਵਿੱਤਰ ਥਾਂ 'ਤੇ ਭਾਈ ਗੁਲਾਬੇ, ਭਾਈ ਨਬੀ ਖਾਨ- ਭਾਈ ਗ਼ਨੀ ਖਾਨ, ਤਿੰਨ ਪਿਆਰੇ ਸਿੰਘਾਂ, ਸੱਯਦ ਪੀਰ ਮੁਹੰਮਦ ਨੂਰਪੁਰੀ ਤੇ ਪੀਰ ਚਿਰਾਗ ਸ਼ਾਹ ਅਜਨੇਰ ਵਾਲਿਆਂ ਨੇ ਗੁਰੂ ਸਾਹਿਬ ਨੂੰ ਉੱਚ ਦਾ ਪੀਰ ਬਣਾਉਣ ਦਾ ਮਤਾ ਪਾਸ ਕੀਤਾ ਸੀ। ਗੁਰੂ ਸਾਹਿਬ ਨੇ ਸਰਬਤ ਦਾ ਫੈਸਲਾ ਸਵੀਕਾਰ ਕਰਦਿਆਂ ਉੱਚ ਦਾ ਪੀਰ ਬਣਨਾ ਕਬੂਲ ਕਰ ਲਿਆ ਸੀ।

ਗੁਰੂ ਜੀ ਉੱਚ ਦੇ ਪੀਰ ਦੇ ਰੂਪ ਵਿੱਚ ਇਕ ਸੁੰਦਰ ਪਲੰਘ 'ਤੇ ਬਿਰਾਜਮਾਨ ਹੋ ਗਏ। ਪਲੰਘ ਨੂੰ ਭਾਈ ਨਬੀ ਖਾਨ- ਭਾਈ ਗ਼ਨੀ ਖਾਨ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਚੁੱਕਿਆ ਹੋਇਆ ਸੀ। ਭਾਈ ਦਇਆ ਸਿੰਘ ਚੌਰ ਕਰ ਰਹੇ ਸਨ। ਜਦ ਇਹ ਨੇਕ ਤੇ ਦਲੇਰ ਇਨਸਾਨ ਫੌਜੀ ਕੈਂਪ ਕੋਲ ਚਲੇ ਗਏ ਤਾਂ ਉਨ੍ਹਾਂ ਨੂੰ ਰੋਕ ਲਿਆ ਗਿਆ।

ਫੌਜਾਂ ਦਾ ਮੁਖੀ ਦਲਾਵਰ ਖਾਂ ਸੀ। ਉਨ੍ਹਾਂ ਦੀ ਪੇਸ਼ੀ ਹੋਈ। ਗੁਰੂ ਸਾਹਿਬ ਦਾ ਉਸ ਨੂੰ ਭੁਲੇਖਾ ਲੱਗ ਚੁੱਕਾ ਸੀ। ਕੁਝ ਪ੍ਰਸ਼ਨ ਹੋਏ। ਨਿਡਰ ਤੇ ਨਿਧੜਕ ਭਰਾਵਾਂ ਨੇ ਆਖਿਆ ਕਿ ਇਹ ਉਨ੍ਹਾਂ ਦੇ ਪੀਰ ਹੀ ਨਹੀਂ, ਸਗੋਂ ਉੱਚ ਦੇ ਪੀਰ ਹਨ।

ਦਲਾਵਰ ਖਾਂ ਜਰਨੈਲ ਨੇ ਸ਼ਨਾਖਤ ਲਈ ਤਿੰਨ ਉੱਘੇ ਮੁਸਲਮਾਨ ਧਾਰਮਿਕ ਆਗੂਆਂ ਕਾਜ਼ੀ ਅਨਾਇਤ ਅਲੀ, ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਤੇ ਸੱਯਦ ਹਸਨ ਅਲੀ ਮੌਫੂ ਮਾਜਰੀਆ ਨੂੰ ਬੁਲਾਇਆ ਗਿਆ। ਉਨ੍ਹਾਂ ਨੇ ਜ਼ਾਲਮ ਤੇ ਮਜ਼ਲੂਮ ਦੀ ਟੱਕਰ ਵਿਚ ਹੱਕ ਤੇ ਸੱਚ ਦੀ ਪਛਾਣ ਕਰਦਿਆਂ ਜਾਣਬੁੱਝ ਕੇ ਆਖ ਦਿੱਤਾ ਸੀ ਕਿ ਇਹ 'ਉੱਚ ਦੇ ਪੀਰ' ਹਨ।

ਦਲਾਵਰ ਖਾਂ ਦੀ ਤਸੱਲੀ ਨਾ ਹੋਈ। ਫਿਰ ਉਸ ਨੇ ਹਲਾਲ ਖਾਣਾ ਖਾਣ ਲਈ ਕਿਹਾ। ਭਾਈ ਦਇਆ ਸਿੰਘ ਨੇ ਕਿਹਾ, "ਪੀਰ ਸਾਹਿਬ, ਰੋਜ਼ੇ 'ਤੇ ਹਨ।" ਦਲਾਵਰ ਖਾਂ ਨੇ ਦੂਜੇ ਸਾਥੀਆਂ ਨੂੰ ਖਾਣੇ ਵਿੱਚ ਸ਼ਰੀਕ ਹੋਣ ਦਾ ਹੁਕਮ ਕੀਤਾ। ਗੁਰੂ ਸਾਹਿਬ ਨੇ ਖਾਣਾ ਖਾਣ ਦੀ ਆਗਿਆ ਦਿੰਦਿਆਂ ਉਨ੍ਹਾਂ ਨੂੰ ਕ੍ਰਿਪਾਨ ਖਾਣੇ ਵਿੱਚ ਫੇਰ ਕੇ ਖਾਣਾ ਛਕ ਲੈਣ ਲਈ ਸਲਾਹ ਦਿੱਤੀ। ਸਾਰੇ ਸਾਥੀਆਂ ਨੇ ਖਾਣੇ ਵਿੱਚ ਕ੍ਰਿਪਾਨ ਫੇਰ ਕੇ ਖਾਣਾ ਛਕ ਲਿਆ। ਇਸ ਤਰ੍ਹਾਂ ਦਲਾਵਰ ਖਾਂ ਦੀ ਤਸੱਲੀ ਹੋ ਗਈ। ਉਸ ਨੇ ਉੱਚ ਦੇ ਪੀਰ ਨੂੰ ਅਗਾਂਹ ਜਾਣ ਦੀ ਆਗਿਆ ਦੇ ਦਿੱਤੀ। ਇਸ ਪਰਖ ਵਾਲੀ ਥਾਂ 'ਤੇ ਗੁਰਦੁਆਰਾ ਕ੍ਰਿਪਾਨ ਭੇਟ ਬਣਿਆ ਹੋਇਆ ਹੈ। ਇਸ ਨੂੰ ਨਿਹੰਗਾਂ ਸਿੰਘਾਂ ਦੀ ਛਾਉਣੀ ਵੀ ਕਿਹਾ ਜਾਂਦਾ ਹੈ। ਬਾਅਦ 'ਚ ਮੁਗਲ ਫੌਜ ਨੂੰ ਭਾਈ ਨਬੀ ਖਾਨ- ਭਾਈ ਗ਼ਨੀ ਖਾਨ ਵਲੋਂ ਗੁਰੂ ਸਾਹਿਬ ਦੀ ਕੀਤੀ ਮੱਦਦ ਬਾਰੇ ਪਤਾ ਲੱਗ ਗਿਆ। ਬਾਬਾ ਮੋਤੀ ਰਾਮ ਮਹਿਰਾ ਅਤੇ ਪਰਿਵਾਰ ਵਾਂਗ ਹੀ ਭਾਈ ਨਬੀ ਖਾਨ- ਭਾਈ ਗ਼ਨੀ ਖਾਨ ਨੂੰ ਵੀ ਕੋਹਲੂ ਵਿਚ ਨਪੀੜਿਆ ਗਿਆ। ਕਬਰਾਂ ਜਾਂ ਸ਼ਮਸ਼ਾਨ ਘਾਟ ਹਮੇਸ਼ਾਂ ਪਿੰਡੋਂ ਬਾਹਰ ਹੁੰਦੇ ਹਨ ਪਰ ਭਾਈ ਨਬੀ ਖਾਨ- ਭਾਈ ਗ਼ਨੀ ਖਾਨ ਦੀਆਂ ਕਬਰਾਂ, ਜਿੱਥੇ ਉਨਾਂ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ ਗਿਆ, ਉੱਥੇ ਬਣੀਆਂ। ਹੁਣ ਉੱਥੇ ਗੁਰਦੁਆਰਾ ਬਣਿਆ ਹੋਇਆ ਹੈ, ਜੋ ਮਾਛੀਵਾੜਾ ਸਾਹਿਬ ਸ਼ਹਿਰ ਵਿਚ ਹੈ। ਇੱਥੇ ਉਹ ਪਲੰਘ ਵੀ ਸੁਭਾਇਮਾਨ ਹੈ, ਜਿਸ ਉਪਰ ਦਸ਼ਮੇਸ਼ ਪਿਤਾ ਨੂੰ ਬਿਠਾ ਕੇ ਇਹ ਮਰਜੀਵੜੇ ਮਾਛੀਵਾੜੇ ਤੋਂ ਲੈ ਕੇ ਗਏ ਸਨ। ਸਮਰਾਲੇ ਵਲੋਂ ਆਈਏ ਤਾਂ ਮਾਛੀਵਾੜੇ ਸ਼ਹਿਰ ਵਿਚ ਦਾਖਲ ਹੁੰਦਿਆਂ ਭਾਈ ਨਬੀ ਖਾਨ- ਭਾਈ ਗ਼ਨੀ ਖਾਨ ਗੇਟ ਬਣਿਆ ਹੋਇਆ ਹੈ। ਅੱਧੀ ਕੁ ਫਰਲਾਂਗ ਤੇ ਹੀ ਅੱਗੇ ਖੱਬੇ ਪਾਸੇ ਗੁਰਦੁਆਰਾ ਸੁਭਾਇਮਾਨ ਹੈ।

ਸਾਡੇ 'ਚੋਂ ਬਹੁਤਿਆਂ ਨੂੰ ਇਨ੍ਹਾਂ ਕੁਰਬਾਨੀਆਂ ਬਾਰੇ ਪਤਾ ਨਹੀਂ ਜਾਂ ਭੁੱਲ ਚੁੱਕੇ ਹਾਂ ਜਦਕਿ ਇਨ੍ਹਾਂ ਨੂੰ ਮਹਿਸੂਸ ਕਰਨ ਦੀ ਲੋੜ ਹੈ। ਸਾਡਾ ਫਰਜ਼ ਬਣਦਾ ਹੈ ਕਿ ਸ਼ਹੀਦੀ ਸਾਕੇ ਨੂੰ ਯਾਦ ਕਰਦਿਆਂ ਹਰ ਉਸ ਸ਼ਖਸ ਨੂੰ ਯਾਦ ਕਰੀਏ, ਜਿਸਨੇ ਇਨ੍ਹੀਂ ਦਿਨੀਂ ਗੁਰੂ ਪਰਿਵਾਰ ਲਈ ਹਾਅ ਦਾ ਨਾਅਰਾ ਮਾਰਿਆ ਸੀ, ਮੱਦਦ ਕੀਤੀ ਸੀ। ਗੁਰਦੁਆਰਿਆਂ 'ਚ ਇਨ੍ਹਾਂ ਯੋਧਿਆਂ ਦੀ ਗੱਲ ਕਰੀਏ ਤੇ ਸੀਸ ਝੁਕਾਈਏ।

**-ਗੁਰਪ੍ਰੀਤ ਸਿੰਘ ਸਹੋਤਾ (ਸਰੀ ਚੜ੍ਹਦੀ ਕਲਾ)**

## 22 ਦਸੰਬਰ ਨੂੰ ਸ਼ਹੀਦੀ ਦਿਹਾੜੇ ’ਤੇ

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ



**ਬਾਬਾ ਅਜੀਤ ਸਿੰਘ ਜੀ ਦੀ ਸ਼ਹਾਦਤ :-**

ਗੁਰੂ ਗੋਬਿੰਦ ਸਿੰਘ ਜੀ ਨੂੰ ਜਦ ਚਮਕੌਰ ਦੀ ਗੜ੍ਹੀ ਵਿਚ ਚਾਲੀ ਸਾਥੀ ਸਿੰਘਾਂ ਸਮੇਤ ਦਸ ਲੱਖ ਮੁਗ਼ਲ ਸੈਨਾ ਅਤੇ ਮੁਲਖਈਏ ਨੇ ਘੇਰਾ ਪਾਇਆ ਹੋਇਆ ਸੀ ਤਾਂ ਇਨ੍ਹਾਂ ਮੁੱਠੀ ਭਰ ਸਿੰਘਾਂ ਨੇ ਗੁਰੂ ਜੀ ਦੀ ਅਗਵਾਈ ਵਿਚ ਦੁਨੀਆਂ ਦੇ ਇਤਿਹਾਸ ਵਿਚ ਹੈਰਾਨ ਕਰ ਦੇਣ ਵਾਲੀ ਲੜਾਈ ਲੜੀ।

ਮੁਗ਼ਲਾਂ ਦੀ ਫ਼ੌਜ ਨੇ ਇਕ ਸਾਂਝੇ ਹਮਲੇ ਨਾਲ ਗੜ੍ਹੀ ਨੂੰ ਸਰ ਕਰਨ ਦਾ ਯਤਨ ਕੀਤਾ। ਮੁਗ਼ਲ ਜਰਨੈਲਾਂ ਨਾਹਰ ਖਾਨ, ਗੈਰਤ ਖਾਨ ਤੇ ਖ਼ੁਵਾਜਾ ਮੁਹੰਮਦ ਨੇ ਤਿੰਨਾਂ ਪਾਸਿਆਂ ਤੋਂ ਹਮਲਾ ਕੀਤਾ। ਗੁਰੂ ਜੀ ਨੇ ਵੀ ਤਿੰਨਾਂ ਤਰਫ਼ਾਂ ਵੱਲ ਤੀਰ ਚਲਾਣੇ ਸ਼ੁਰੂ ਕੀਤੇ। ਨਾਹਰ ਖਾਨ ਤੇ ਗੈਰਤ ਖਾਨ ਤਾਂ ਮਾਰੇ ਗਏ ਪਰ ਖ਼ੁਵਾਜਾ ਮੁਹੰਮਦ ਕਿਲ੍ਹੇ ਦੀ ਕੰਧ ਨਾਲ ਛੁਪ ਕੇ ਬਚਿਆ ਰਿਹਾ। ਫਿਰ ਮੁਗ਼ਲ ਸੈਨਾ ਨੇ ਕਿਲ੍ਹੇ ਦੇ ਦਰਵਾਜ਼ੇ ਵੱਲ ਹੱਲਾ ਬੋਲਿਆ। ਸਿੰਘਾਂ ਨੇ ਪੰਜ-ਪੰਜ ਦੀ ਗਿਣਤੀ ਵਿਚ ਕਿਲ੍ਹੇ ਦੇ ਦਰਵਾਜ਼ੇ ਨੂੰ ਬਚਾਉਣ ਦਾ ਯਤਨ ਕੀਤਾ, ਪਰ ਲੱਖਾਂ ਦੇ ਮੁਕਾਬਲੇ ਤੇ ਪੰਜ-ਪੰਜ ਦੇ ਟੋਲੇ ਕਿੰਨੀ ਦੇਰ ਕੱਢਦੇ ? ਸਿੰਘਾਂ ਨੇ ਸੋਚਿਆ ਕਿ ਕਿਸੇ ਤਰ੍ਹਾਂ ਗੁਰੂ ਜੀ ਸਾਹਿਬਜ਼ਾਦਿਆਂ ਸਮੇਤ ਗੜ੍ਹੀ ਵਿਚੋਂ ਨਿਕਲ ਕੇ ਚਲੇ ਜਾਣ ਤਾਂ ਬਹੁਤ ਚੰਗਾ ਹੋਵੇਗਾ। ਕਿਉਂਕਿ ਸਭ ਨੇ ਮਹਿਸੂਸ ਕੀਤਾ ਕਿ ਅੰਤ ਦਾ ਸਮਾਂ ਨੇੜੇ ਆ ਗਿਆ ਹੈ। ਗੁਰੂ ਮਹਾਰਾਜ ਨੇ ਸਿੱਖਾਂ ਨੂੰ ਫੁਰਮਾਇਆ, “ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ ?ਤੁਸੀਂ ਸਭ ਮੇਰੇ ਸਾਹਿਬਜ਼ਾਦੇ ਹੋ।÷ ਸਿੰਘ ਚੁੱਪ ਕਰ ਗਏ।

ਇਸ ਸਮੇਂ ਬਾਬਾ ਅਜੀਤ ਸਿੰਘ ਜੀ ਨੇ ਐਲਾਨ ਕੀਤਾ ਕਿ ਉਹ ਜੰਗ ਵਿਚ ਜੂਝਣਾ ਚਾਹੁੰਦੇ ਹਨ। ਗੁਰੂ ਜੀ ਨੇ ਇਹ ਗੱਲ ਹੱਸ ਕੇ ਕਬੂਲ ਕੀਤੀ ਤੇ ਪੰਜ ਸਿੱਖਾਂ ਨੂੰ ਨਾਲ ਦੇ ਕੇ ਲੜਾਈ ਲਈ ਤੋਰ ਦਿੱਤਾ। ਬਾਬਾ ਅਜੀਤ ਸਿੰਘ ਦੀ ਉਮਰ ਉਸ ਵੇਲੇ ਸਾਲ ਦੀ ਸੀ। ਪਰੰਤੂ ਆਪ ਜਿਸ ਬੇਬਾਕੀ ਅਤੇ ਹਿੰਮਤ ਨਾਲ ਵੈਰੀਆਂ ਤੇ ਟੁੱਟ ਕੇ ਪਏ ਉਹ ਇਤਿਹਾਸ ਦੀ ਇਕ ਅਭੁੱਲ ਘਟਨਾ ਹੈ।

ਬਾਬਾ ਅਜੀਤ ਸਿੰਘ ਜੀ ਨੇ ਪਹਿਲਾਂ ਤੇਜ਼ੀ ਨਾਲ ਤੀਰ ਚਲਾਏ, ਜਿਨ੍ਹਾਂ ਤੋਂ ਭੈ-ਭੀਤ ਹੋ ਕੇ ਵੈਰੀ ਪਿੱਛੇ ਹਟਣ ’ਤੇ ਮਜਬੂਰ ਹੋ ਗਏ। ਜਦ ਤੀਰਾਂ ਦਾ ਭੱਥਾ ਖ਼ਤਮ ਹੋ ਗਿਆ ਤਾਂ ਵੈਰੀ ਧਾ ਕੇ ਆਪ ਵੱਲ ਵਧੇ। ਪਰ ਆਪ ਨੇ ਇਕ ਫੋਰ ਵਿਚ ਨੇਜ਼ੇ ਤੋਂ ਕੰਮ ਲੈਣਾ ਸ਼ੁਰੂ ਕੀਤਾ। ਪੰਜੇ ਸਿੰਘ ਅਤੇ ਬਾਬਾ ਜੀ ਜਦ ਤਕ ਆਪਾ ਬਚਾਅ ਸਕਦੇ ਸਨ ਉਨ੍ਹਾਂ ਬਚਾਇਆ ਅਤੇ ਵੈਰੀਆਂ ’ਤੇ ਵਾਰ ਕਰਦੇ ਰਹੇ। ਅਚਾਨਕ ਬਾਬਾ ਅਜੀਤ ਸਿੰਘ ਜੀ ਨੇ ਇਕ ਵੈਰੀ ਦੇ ਸੀਨੇ ਵਿਚ ਨੇਜ਼ਾ ਜਾ ਦਾਗਿਆ ਤਾਂ ਇਹ ਉਸ ਦੀ ਸੰਜੋਅ ਵਿਚ ਅੜ ਕੇ ਟੁੱਟ ਗਿਆ।

ਫਿਰ ਆਪ ਨੇ ਤਲਵਾਰ ਸੂਤ ਲਈ। ਇਤਨੇ ਨੂੰ ਪੰਜੇ ਸਿੰਘ ਸ਼ਹੀਦ ਹੋ ਚੁੱਕੇ ਸਨ। ਬਾਬਾ ਜੀ ਨੇ ਥੋੜੀ ਦੇਰ ਹੀ ਤਲਵਾਰ ਦੇ ਜੌਹਰ ਵਖਾਏ ਸਨ ਕਿ ਆਪ ਦਾ ਘੋੜਾ ਜ਼ਖ਼ਮੀ ਹੋ ਗਿਆ। ਆਪ ਨੇ ਘੋੜੇ ਨੂੰ ਛੱਡ ਦਿੱਤਾ ਤੇ ਪੈਦਲ ਹੋ ਕੇ ਤਲਵਾਰ ਚਲਾਉਣੀ ਸ਼ੁਰੂ ਕੀਤੀ। ਪਰ ਸਾਹਿਬਜ਼ਾਦੇ ਨੂੰ ਪੈਦਲ ਵੇਖ ਕੇ ਵੈਰੀ ਟੁੱਟ ਕੇ ਆ ਪਏ ਤੇ ਉਨ੍ਹਾਂ ਨੂੰ ਉਥੇ ਹੀ ਘਾਇਲ ਕਰ ਦਿੱਤਾ ਅਤੇ ਇਸ ਤਰ੍ਹਾਂ ਆਪ ਦਸੰਬਰ ਈ. ਨੂੰ ਸ਼ਹਾਦਤ ਪਾ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਬੇਟੇ ਦੀ ਲੜਾਈ ਦਾ ਸਾਰਾ ਹਾਲ ਅੱਖੀਂ ਡਿੱਠਾ ਅਤੇ ਸਾਹਿਬਜ਼ਾਦੇ ਦੀ ਸ਼ਹਾਦਤ ’ਤੇ ਜੈਕਾਰਾ ਛੱਡਿਆ।

**ਬਾਬਾ ਜੁਝਾਰ ਸਿੰਘ ਜੀ ਦੀ ਸ਼ਹਾਦਤ:-**

ਆਪਣੇ ਵੱਡੇ ਭਾਈ ਨੂੰ ਸ਼ਹੀਦ ਹੁੰਦਿਆਂ ਵੇਖ ਕੇ ਬਾਬਾ ਜੁਝਾਰ ਸਿੰਘ ਜੀ ਨੇ ਆਪਣੇ ਆਪ ਨੂੰ ਸ਼ਹੀਦੀ ਲਈ ਪੇਸ਼ ਕੀਤਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨੂੰ ਭੀ ਜੰਗ ਵਿਚ ਕੁੱਦਣ ਲਈ ਖਿੜੇ ਮੱਥੇ ਆਗਿਆ ਦੇ ਦਿੱਤੀ।

ਪੰਜ ਸਿੰਘਾਂ ਨੂੰ ਨਾਲ ਲੈ ਕੇ ਉਹ ਭੀ ਕਿਲ੍ਹੇ ਦੀ ਚਾਰ ਦੀਵਾਰੀ ਤੋਂ ਬਾਹਰ ਚਲੇ ਗਏ। ਆਪ ਦੀ ਆਯੂ ਉਸ ਸਮੇਂ ਕੁ ਸਾਲ ਦੀ ਸੀ। ਮੁਗ਼ਲ ਫ਼ੌਜ ਨੇ ਬਾਹਰ ਨਿਕਲਦੇ ਹੀ ਸਾਹਿਬਜ਼ਾਦੇ ’ਤੇ ਹੱਲਾ ਬੋਲ ਦਿੱਤਾ। ਜਦ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਤਾਂ ਆਪ ਜੀ ਨੇ ਗੜ੍ਹੀ ਵਿਚੋਂ ਤੀਰਾਂ ਦੀ ਬਾਰਸ਼ ਕਰਨੀ ਆਰੰਭੀ। ਇਸ ’ਤੇ ਮੁਗ਼ਲ ਸੈਨਾ ਪਿੱਛੇ ਹਟਣੀ ਸ਼ੁਰੂ ਹੋਈ ਅਤੇ ਬਾਬਾ ਜੀ ਅਤੇ ਸਿੰਘ ਅੱਗੇ ਵਧਦੇ ਗਏ। ਬਾਬਾ ਜੀ ਨੇ ਪਹਿਲਾਂ ਤੀਰਾਂ ਨਾਲ ਅਤੇ ਫਿਰ ਤਲਵਾਰਾਂ ਨਾਲ ਮੁਗ਼ਲਾਂ ਦੇ ਆਹੂ ਲਾਹੇ। ਪਰ ਫ਼ੌਜਾਂ ਦੇ ਯਲਗ਼ਾਰ ਦੇ ਸਾਹਮਣੇ ਪੰਜ, ਛੇ ਕਿੰਨੀ ਕੁ ਦੇਰ ਕੱਢ ਸਕਦੇ ਸਨ।

ਬਾਬਾ ਜੁਝਾਰ ਸਿੰਘ ਜੀ ਅਜਿਹੇ ਘੇਰੇ ਵਿਚ ਆ ਗਏ ਕਿ ਫਿਰ ਉੱਠ ਨਾ ਸਕੇ ਅਤੇ ਆਪ ਦੀ ਸ਼ਹਾਦਤ ਲੌਢੇ ਵੇਲੇ ੨੨ ਦਸੰਬਰ ੧੭੦੪ ਨੂੰ ਹੋਈ।

**(ਪੁਸਤਕ ’ਸਿੱਖ ਇਤਿਹਾਸ ਦੇ ਸੂਰਬੀਰ ਯੋਧੇ ਚਾਰ ਸਾਹਿਬਜ਼ਾਦੇ’ ਵਿਚੋਂ)**

**ਪ੍ਰਿੰ. ਸਤਿਬੀਰ ਸਿੰਘ**

# ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਦਾ ਨਸਲਵਾਦੀ ਵਿਰੋਧ ਅਤੇ ਸਿੱਖ ਅਧਿਕਾਰਾਂ ਦੀ ਰੱਖਿਆ ਦਾ ਮਾਮਲਾ

## ਨਿਊਜ਼ੀਲੈਂਡ ਈਸਾਈ ਮੁਲਕ ਨਹੀਂ, ਨਾ ਹੀ ਇਸ ਦਾ ਸੰਵਿਧਾਨ









ਨਿਊਜ਼ੀਲੈਂਡ ਦੇ ਸਾਊਥ ਔਕਲੈਂਡ ਦੇ ਮਾਨੂਰੇਵਾ ਕਸਬੇ ਵਿੱਚ ਹਾਲ ਹੀ ਵਿੱਚ ਵਾਪਰੀ ਘਟਨਾ ਨੇ ਸਮੁੱਚੇ ਵਿਸ਼ਵ ਵਿੱਚ ਵਸਦੇ ਸਿੱਖ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਬ੍ਰਾਇਨ ਤਾਮਾਕੀ ਦੀ ਅਗਵਾਈ ਵਾਲੇ ਡੈਸਟਿਨੀ ਚਰਚ ਨਾਲ ਜੁੜੇ ਇੱਕ ਗਰੁੱਪ ਨੇ ਸਿੱਖ ਸੰਗਤ ਵੱਲੋਂ ਸਜਾਏ ਨਗਰ ਕੀਰਤਨ ਦੇ ਵਿਰੋਧ ਵਿੱਚ ਹਾਕਾ ਡਾਂਸ ਕੀਤਾ, ਨਾਅਰੇ ਲਾਏ ਅਤੇ ਬੈਨਰ ਲਹਿਰਾਏ। ਉਹਨਾਂ ਨੇ ਨਾਅਰੇ ਲਾਏ: ‘ਵਨ ਟਰੂ ਗੌਡ’, ‘ਜੀਜ਼ਸ-ਜੀਜ਼ਸ’ ਅਤੇ ‘ਇਹ ਨਿਊਜ਼ੀਲੈਂਡ ਹੈ, ਇੰਡੀਆ ਨਹੀਂ!’। ਪੁਲਿਸ ਨੂੰ ਵਿਚਕਾਰ ਪੈਣਾ ਪਿਆ ਅਤੇ ਘਟਨਾ ਨੇ ਧਾਰਮਿਕ ਆਜ਼ਾਦੀ, ਪ੍ਰਵਾਸ ਅਤੇ ਨਸਲਵਾਦ ਬਾਰੇ ਬਹਿਸ ਛੇੜ ਦਿੱਤੀ ਹੈ। ਇਹ ਵਿਰੋਧ ਨਾ ਸਿਰਫ਼ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਬਲਕਿ ਨਸਲਵਾਦੀ ਵਿਚਾਰਧਾਰਾ ਦਾ ਪ੍ਰਤੀਕ ਵੀ ਹੈ, ਜੋ ਅਡੌਲਫ਼ ਹਿਟਲਰ ਵਰਗੀ ਫਾਸ਼ਿਸਟ ਸੋਚ ਨਾਲ ਮੇਲ ਖਾਂਦੀ ਹੈ। ਤਾਮਾਕੀ ਨੇ ਪਹਿਲਾਂ ਵੀ ਹਿੰਦੂ, ਬੌਧ, ਇਸਲਾਮ ਅਤੇ ਸਿੱਖ ਧਰਮਾਂ ਦੇ ਝੰਡੇ ਸਾੜੇ ਹਨ, ਜੋ ਇੱਕ ਰਾਸ਼ਟਰ-ਇੱਕ ਭਾਸ਼ਾ ਦੀ ਮੰਗ ਨੂੰ ਉਭਾਰਦੇ ਹਨ। ਅਜਿਹੇ ਅਨਸਰ ਸਮਾਜਿਕ ਭਾਈਚਾਰੇ ਵਿੱਚ ਕੁੜੱਤਣ ਪੈਦਾ ਕਰ ਰਹੇ ਹਨ ਅਤੇ ਨਿਊਜ਼ੀਲੈਂਡ ਸਰਕਾਰ ਨੂੰ ਇਹਨਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ।

ਇਹ ਘਟਨਾ ਸਿੱਖ ਇਤਿਹਾਸ ਨੂੰ ਯਾਦ ਕਰਵਾਉਂਦੀ ਹੈ। ਭਾਰਤ ਵਿੱਚ ਸਿੱਖਾਂ ਨੇ ਨਸਲਕੁਸ਼ੀ ਦੇ ਰੂਪ ਵਿੱਚ ਅੱਤਿਆਚਾਰ ਸਹੇ ਹਨ। ਨਹਿਰੂ-ਗਾਂਧੀ ਨੇ ਵਾਅਦਾ ਕੀਤਾ ਸੀ ਕਿ ਪਾਕਿਸਤਾਨ ਦੀ ਬਜਾਏ ਭਾਰਤ ਨੂੰ ਚੁਣਨ ਵਾਲੇ ਸਿੱਖਾਂ ਨੂੰ ਅਜਿਹਾ ਖਿੱਤਾ ਦਿੱਤਾ ਜਾਵੇਗਾ ਜਿੱਥੇ ਉਹ ਆਜ਼ਾਦੀ ਨਾਲ ਨਿਘ ਮਾਣ ਸਕਣ। ਪਰ ਅੱਜ ਪੰਜਾਬ ਵਿੱਚ ਸਿੱਖ ਅਧਿਕਾਰ ਮੰਗਦੇ ਹਨ ਤਾਂ ਉਹਨਾਂ ਨੂੰ ਗਲਤ ਕਿਉਂ ਕਿਹਾ ਜਾਂਦਾ ਹੈ ?ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਉੱਤਰਾਖੰਡ ਵਾਂਗ ਪੰਜਾਬ ਵਿੱਚ ਵੀ ਸਿੱਖਾਂ ਨੂੰ ਆਪਣੀ ਸਭਿਆਚਾਰ, ਧਰਮ ਅਤੇ ਬੋਲੀ, ਸੂਬੇ ਨੂੰ ਸੁਰੱਖਿਅਤ ਰੱਖਣ ਦਾ ਅਧਿਕਾਰ ਹੈ। ਵਿਸ਼ਵ ਭਰ ਵਿੱਚ ਹਰ ਖਿੱਤੇ ਵਿੱਚ ਅਜਿਹੇ ਕਾਨੂੰਨ ਹਨ, ਫਿਰ ਸਿੱਖਾਂ ਲਈ ਕਿਉਂ ਨਹੀਂ ?ਸਿੱਖ ਕਿਸੇ ਹਿੰਦੂ,ਮੁਸਲਮਾਨ ਜਾਂ ਈਸਾਈ ਧਰਮ ਦਾ ਵਿਰੋਧ ਨਹੀਂ ਕਰਦੇ। ਉਹ ਅੰਧਵਿਸ਼ਵਾਸਾਂ ਅਤੇ ਧਰਮ ਦੇ ਨਾਂ ਤੇ ਠੱਗੀ ਦਾ ਵਿਰੋਧ ਕਰਦੇ ਹਨ। ਆਪ ਬਣੇ ਗੁਰੂਆਂ ਨਾਲ ਉਹਨਾਂ ਦਾ ਵਿਰੋਧ ਹੈ ਜੋ ਹਮਾਜ ਵਿਚ ਅੰਧ ਵਿਸ਼ਵਾਸ ਫੈਲਾਉਂਦੇ ਹਨ, ਭਾਵੇਂ ਉਹ ਸਿੱਖ ਧਰਮ ਦੇ ਨਾਂ ਤੇ ਡੇਰੇ ਹੀ ਕਿਉਂ ਨਾ ਹੋਣ। ਉਦਾਹਰਨ ਵਜੋਂ, ਗੁਰ ਇਕਬਾਲ ਸਿੰਘ ਵੱਲੋਂ ਗੁਰੂ ਸਾਹਿਬਾਨ ਦੀ ਥਾਂ ਬਾਬਾ ਦੀਪ ਸਿੰਘ ਨੂੰ ਗੁਰੂ ਵਜੋਂ ਪੇਸ਼ ਕਰਨਾ ਸਿੱਖ ਧਲਮ ਦੇ ਵਿਰੋਧ ਵਿੱਚ ਹੈ ਜੋ ਅੰਧਵਿਸ਼ਵਾਸ ਫੈਲਾਕੇ ਇਪਣਾ ਤੌਰੀ ਫੁਲਕਾ ਚਲਾ ਰਿਹਾ ਹੈ।

ਗੁਰਬਾਣੀ ਅਜਿਹੀ ਠੱਗੀ ਅਤੇ ਅੰਧਵਿਸ਼ਵਾਸ ਨੂੰ ਰੱਦ ਕਰਦੀ ਹੈ। ਭਾਰਤੀ ਸੰਵਿਧਾਨ ਵੀ ਜਾਦੂ-ਟੂਣੇ, ਮੁਰਦਿਆਂ ਨੂੰ ਜੀਉਣ ਵਾਲੇ ਇਲਾਜ ਨੂੰ ਅਪਰਾਧ ਮੰਨਦਾ ਹੈ। ਜੇ ਸੱਤਾਧਾਰੀ ਸੰਵਿਧਾਨ ਅਨੁਸਾਰ ਚੱਲਦੇ ਤਾਂ ਅਜਿਹਾ ਡੇਰਾ ਕਲਚਰ ਕਦੇ ਫੈਲ ਨਾ ਸਕਦਾ ।ਨਾ ਈਸਾਈ ਧਰਮ ਦੇ ਨਾਮ ਬਣੇ ਨਕਲੀ ਡੇਰੇ ਫੈਲਦੇ।

ਨਿਊਜ਼ੀਲੈਂਡ ਵਿੱਚ ਵੀ ਅਜਿਹੇ ਨਸਲਵਾਦੀ ਅਨਸਰਾਂ ਨੇ ਸਿੱਖ ਪੰਥ ਤੇ ਨਫ਼ਰਤੀ ਹਮਲੇ ਸ਼ੁਰੂ ਕੀਤੇ ਹਨ। ਪਰ ਸਿੱਖ ਪੰਥ ਰੋਜ਼ਾਨਾ ਅਰਦਾਸ ਵਿੱਚ ਸਰਬੱਤ ਦਾ ਭਲਾ ਮੰਗਦਾ ਹੈ ਅਤੇ ਰੋਜ਼ਮਰ੍ਹਾ ਜੀਵਨ ਵਿੱਚ ਇਸ ਨੂੰ ਨਿਭਾਉਂਦਾ ਹੈ। ਸਿੱਖ ਹਮੇਸ਼ਾਂ ਨਸਲਵਾਦ ਵਿਰੁੱਧ ਲੜੇ ਹਨ ਅਤੇ ਸੰਕਟਾਂ ਵਿੱਚੋਂ ਨਿਕਲ ਕੇ ਦੇਸ਼ਾਂ-ਵਿਦੇਸ਼ਾਂ ਵਿੱਚ ਸਥਾਪਤ ਹੋਏ ਹਨ। ਸਿੱਖ ਸੰਸਕ੍ਰਿਤੀ ਬਹੁਲਵਾਦੀ ਹੈ, ਜਿੱਥੇ ਸਭਿਆਚਾਰ ਦੀ ਆਜ਼ਾਦੀ ਹੈ। ਨਿਆਂ ਅਤੇ ਸ਼ਾਂਤੀ ,ਸਾਂਝੀਵਾਲਤਾ ਸਰਬਤ ਦਾ ਭਲਾ ਸਿੱਖ ਪੰਥ ਦੇ ਮੁੱਖ ਉਦੇਸ਼ ਹਨ। ਅੱਜ ਵੀ ਸਿੱਖ ਆਪਣੇ ਸੁਭਾਅ, ਸਾਂਝੀਵਾਲਤਾ ਅਤੇ ਚੜ੍ਹਦੀਕਲਾ ਨਾਲ ਅਜਿਹੇ ਸੰਕਟਾਂ ਨਾਲ ਨਿਬੜ ਲੈਣਗੇ। ਸਿੱਖ ਪੰਥ ਦਾ ਭਵਿੱਖ ਸੁਨਹਿਰੀ ਹੈ, ਜਿੱਥੇ ਸਰਬੱਤ ਦਾ ਭਲਾ ਅਤੇ ਮਨੁੱਖੀ ਸੇਵਾ ਉਸ ਦਾ ਮਿਸ਼ਨ ਰਹੇਗਾ।

ਨਿਊਜ਼ੀਲੈਂਡ ਵਰਗੇ ਬਹੁ-ਸੱਭਿਆਚਾਰਕ ਦੇਸ਼ ਵਿੱਚ ਅਜਿਹੇ ਵਿਰੋਧ ਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਸਿੱਖ ਨਿਊਜੀਲੈਂਡ ਸਰਕਾਰ ਨੂੰ ਦਖਲ ਦੇਣ ਦੀ ਮੰਗ ਕਰਨ ਤੇ ਇਸ ਅੱਤਵਾਦੀ ਗਰੁਪ ਉਪਰ ਪਾਬੰਦੀ ਲਗਵਾਉਣ। ਨਿਊਜ਼ੀਲੈਂਡ ਇੱਕ ਅਧਿਕਾਰਕ ਤੌਰ ’ਤੇ ਈਸਾਈ ਦੇਸ਼ ਨਹੀਂ ਹੈ। ਨਿਊਜ਼ੀਲੈਂਡ ਇੱਕ ਧਰਮ ਨਿਰਪੱਖ (secular) ਅਤੇ ਬਹੁ-ਸੱਭਿਆਚਾਰਕ ਦੇਸ਼ ਹੈ। ਨਿਊਜ਼ੀਲੈਂਡ ਦਾ ਸੰਵਿਧਾਨ ਜਾਂ ਕਾਨੂੰਨ ਵਿੱਚ ਕਿਸੇ ਧਰਮ ਨੂੰ ਅਧਿਕਾਰਕ ਧਰਮ ਵਜੋਂ ਮਾਨਤਾ ਨਹੀਂ ਦਿੱਤੀ ਗਈ।1852 ਤੋਂ ਹੀ ਨਿਊਜ਼ੀਲੈਂਡ ਵਿੱਚ ਧਰਮ ਦੀ ਆਜ਼ਾਦੀ ਅਤੇ ਰਾਜ ਦੀ ਧਰਮ ਨਿਰਪੱਖਤਾ ਦੀ ਪਰੰਪਰਾ ਰਹੀ ਹੈ।

ਮੌਜੂਦਾ ਸਮੇਂ (2023-2025 ਦੇ ਅੰਕੜਿਆਂ ਅਨੁਸਾਰ) ਆਬਾਦੀ ਵਿੱਚ ਸਭ ਤੋਂ ਵੱਧ ਲੋਕ ਆਪਣੇ ਆਪ ਨੂੰ ਕੋਈ ਧਰਮ ਨਹੀਂ (No religion) ਜਾਂ ਅਧਰਮੀ (non-religious) ਦੱਸਦੇ ਹਨ।

ਤਾਜ਼ਾ ਅੰਕੜੇ (2023 Census ਦੇ ਅਧਾਰ ’ਤੇ):

ਕੋਈ ਧਰਮ ਨਹੀਂ ਵਾਲੇ ਲੋਕ-51%
ਈਸਾਈ (ਸਾਰੇ ਸੰਪਰਦਾਇ)-37%
ਹਿੰਦੂ-2.9%
ਮੁਸਲਿਮ-1.5%
ਬੌਧ ਧਰਮ-1.1%
ਸਿੱਖ ਧਰਮ-1.1%

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

# ਨੌਂਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਮੌਕੇ ਜਥੇਦਾਰ ਗੜਗੱਜ ਨੇ ਸ਼ਿਲੌਂਗ ਦੇ ਸਿੱਖਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੂਰਨ ਸਮਰਥਨ ਦਾ ਦਿੱਤਾ ਭਰੋਸਾ

## ਦੇਸ਼ ਅੰਦਰ ਘੱਟ ਗਿਣਤੀਆਂ ਦੇ ਹੱਕ ਤੇ ਹਿਤ ਸੁਰੱਖਿਅਤ ਰੱਖਣਾ ਸਰਕਾਰਾਂ ਦਾ ਰਾਜ ਧਰਮ- ਜਥੇਦਾਰ ਗੜਗੱਜ

ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਮੇਘਾਲਿਆ ਸੂਬੇ ਦੇ ਸ਼ਿਲੌਂਗ ਸ਼ਹਿਰ ਵਿੱਚ ਸਥਿਤ ਗੁਰਦੁਆਰਾ ਗੁਰੂ ਨਾਨਕ ਦਰਬਾਰ, ਬੜਾ ਬਜ਼ਾਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਾਕੇ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਗਏ ਵਿਸ਼ੇਸ਼ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਤੋਂ ਪਹਿਲਾਂ ਜਥੇਦਾਰ ਗੜਗੱਜ ਨੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼ਿਲੌਂਗ ਸ਼ਹਿਰ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਲਾਈਤੁਮਖਰ੍ਹਾ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ, ਬੜਾ ਬਜ਼ਾਰ ਤੱਕ ਸਜਾਏ ਗਏ ਨਗਰ ਕੀਰਤਨ ਵਿੱਚ ਵੀ ਸ਼ਮੂਲੀਅਤ ਕੀਤੀ। ਨਗਰ ਕੀਰਤਨ ਦੀ ਸੰਪੂਰਨਤਾ ਮੌਕੇ ਜਥੇਦਾਰ ਗੜਗੱਜ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਪਾਲਕੀ ਸਾਹਿਬ ਤੋਂ ਗੁਰੂ ਘਰ ਵਿਖੇ ਸੁਖਾਸਨ ਅਸਥਾਨ ਵਿੱਚ ਸ਼ੁਸੋਭਿਤ ਕਰਨ ਦੀ ਸੇਵਾ ਕੀਤੀ ਗਈ। ਇਨ੍ਹਾਂ ਸਮਾਗਮਾਂ ਮੌਕੇ ਸ਼ਿਲੌਂਗ, ਮੇਘਾਲਿਆ ਦੀ ਸਥਾਨਕ ਸੰਗਤ ਦੇ ਨਾਲ-ਨਾਲ ਅਸਾਮ ਤੇ ਉੱਤਰ ਪੂਰਬ ਦੀ ਸਿੱਖ ਸੰਗਤ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਗੁਰਮਤਿ ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਭਾਈ ਹਰਪਾਲ ਸਿੰਘ ਸਾਜਨ ਦੇ ਹਜ਼ੂਰੀ ਰਾਗੀ ਜਥੇ, ਭਾਈ ਬੋਹੜ ਸਿੰਘ ਦੇ ਕਵੀਸ਼ਰੀ ਜਥੇ ਅਤੇ ਭਾਈ ਨਿਰਮਲ ਸਿੰਘ ਜੇਠੂਵਾਲ ਦੇ ਢਾਡੀ ਜਥੇ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰ ਇਤਿਹਾਸ ਨਾਲ ਜੋੜਿਆ। ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਿਲੌਂਗ ਦੀ ਸਿੱਖ ਸੰਗਤ ਨੂੰ ਚੜ੍ਹਦੀ ਕਲਾ ਨਾਲ ਗੁਰਸਿੱਖੀ ਵਾਲਾ ਜੀਵਨ ਬਤੀਤ ਕਰਨ ਲਈ ਪ੍ਰੇਰਣਾ ਕੀਤੀ ਅਤੇ ਆਪਣੀ ਬੱਚਿਆਂ ਨੂੰ ਗੁਰਮੁਖੀ ਪੰਜਾਬ ਸਿਖਾਉਣ ਲਈ ਆਖਿਆ ਤਾਂ ਜੋ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨਾਲ ਜੁੜ ਸਕਣ। ਉਨ੍ਹਾਂ ਇਸ ਗੱਲ ਉੱਤੇ ਤਸੱਲੀ ਪ੍ਰਗਟਾਈ ਕਿ ਸ਼ਿਲੌਂਗ ਦੇ ਬਹੁਤੇ ਸਿੱਖ ਨੌਜਵਾਨਾਂ ਆਪਣੀ ਸਾਬਤ ਸੂਰਤ ਸਿੱਖ ਪਛਾਣ ਕਾਇਮ ਰੱਖੀ ਹੈ। ਜਥੇਦਾਰ ਗੜਗੱਜ ਨੇ ਉੱਤਰ ਪੂਰਬ ਦੇ ਸਿੱਖਾਂ ਨੂੰ ਆਪਣੀ ਸਾਬਤ ਸੂਰਤ ਸਿੱਖ ਪਛਾਣ ਕਾਇਮ ਰੱਖਣ ਅਤੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਆਖਿਆ।

ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂਆਂ ਦੇ ਤਿਲਕ ਅਤੇ ਜੰਞੂ ਤੇ ਉਨ੍ਹਾਂ ਦੀ ਧਾਰਮਿਕ ਅਜ਼ਾਦੀ ਲਈ ਸ਼ਹਾਦਤ ਦਿੱਤੀ। ਗੁਰੂ ਸਾਹਿਬ ਦਾ ਪਰਉਪਕਾਰ ਬਹੁਤ ਵੱਡਾ ਹੈ, ਜਿਸ ਦਾ ਦੇਣਾ ਅਸੀਂ ਨਹੀਂ ਦੇ ਸਕਦੇ। ਉਨ੍ਹਾਂ ਕਿਹਾ ਕਿ ਉਸ ਵੇਲੇ ਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਘਰ ਮਜ਼ਲੂਮਾਂ ਦਾ ਸਹਾਰਾ ਬਣਿਆ ਸੀ ਅਤੇ ਦੇਸ਼ ਅੰਦਰ ਮੁਸੀਬਤ ਤੇ ਆਪਦਾਵਾਂ ਵੇਲੇ ਅੱਜ ਵੀ ਗੁਰੂ ਸਾਹਿਬ ਦਾ ਘਰ ਹੀ ਸਹਾਰਾ ਬਣਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਇੱਥੇ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਨੂੰ ਢਾਹੁਣ ਅਤੇ ਇੱਥੇ ਵੱਸਦੇ ਸਿੱਖਾਂ ਨੂੰ ਬੇਅਬਾਦ ਕਰਨ ਦੀ ਮਨਸ਼ਾ ਰੱਖਦੀਆਂ ਹਨ ਤਾਂ ਇਹ ਦੇਸ਼ ਅੰਦਰ ਘੱਟ ਗਿਣਤੀ ਸਿੱਖਾਂ ਨਾਲ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਪੂਰੀ ਦੁਨੀਆ ਦੇ ਸਿੱਖ, ਸ਼ਿਲੌਂਗ ਦੀ ਪੰਜਾਬੀ ਲੇਨ ਵਿੱਚ ਵੱਸਦੇ ਸਿੱਖਾਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਦੇਸ਼ ਦੁਨੀਆ ਅੰਦਰ ਵੱਸਦੇ ਸਿੱਖਾਂ ਅਤੇ ਸਮੂਹ ਸਿੱਖ ਜਥੇਬੰਦੀਆਂ ਨੂੰ ਵੀ ਵਿਸ਼ੇਸ਼ ਅਪੀਲ ਕੀਤੀ ਕਿ ਜੇਕਰ ਕਦੇ ਸ਼ਿਲੌਂਗ ਦੇ ਸਿੱਖਾਂ ਨਾਲ ਕੋਈ ਧੱਕਾ ਹੁੰਦਾ ਹੈ ਤਾਂ ਇਸ ਦੀ ਅਵਾਜ਼ ਅੰਤਰਰਾਸ਼ਟਰੀ ਪੱਧਰ ਉੱਤੇ ਪੂਰੀ ਚੜ੍ਹਦੀ ਕਲਾ ਨਾਲ ਬੁਲੰਦ ਕੀਤੀ ਜਾਵੇ।



ਜਥੇਦਾਰ ਗੜਗੱਜ ਨੇ ਕਿਹਾ ਕਿ ਜਦੋਂ ਵੀ ਦੇਸ਼ ਦੀ ਰੱਖਿਆ ਦੀ ਗੱਲ ਆਈ ਹੈ ਤਾਂ ਬਹਾਦਰ ਸਿੱਖ ਕੌਮ ਨੇ ਹਮੇਸ਼ਾ ਹੀ ਮੋਹਰੀ ਭੂਮਿਕਾ ਨਿਭਾਈ ਹੈ। ਇਸ ਲਈ ਸਰਕਾਰਾਂ ਦੀ ਇਹ ਪਹਿਲੀ ਜ਼ਿੰਮੇਵਾਰੀ ਹੈ ਕਿ ਦੇਸ਼ ਅੰਦਰ ਵੱਸਦੇ ਸਿੱਖਾਂ ਦੇ ਹੱਕ ਅਤੇ ਹਿਤ ਸੁਰੱਖਿਅਤ ਰਹਿਣ ਨਾ ਕਿ ਉਨ੍ਹਾਂ ਨਾਲ ਕਿਸੇ ਕਿਸਮ ਦਾ ਜ਼ੁਲਮ ਜਾਂ ਧੱਕਾ ਹੋਵੇ।

ਸਮਾਗਮ ਦੌਰਾਨ ਮੇਘਾਲਿਆ ਸਰਕਾਰ ਦੇ ਕੈਬਨਿਟ ਮੰਤਰ ਸ੍ਰੀ ਸਨਬੋਰ ਸ਼ੁਲਾਈ ਨੇ ਵੀ ਗੁਰਦੁਆਰਾ ਗੁਰੂ ਨਾਨਕ ਦਰਬਾਰ, ਸ਼ਿਲੌਂਗ ਦੇ ਦਫ਼ਤਰ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਜਥੇਦਾਰ ਗੜਗੱਜ ਨੇ ਮੰਤਰੀ ਸ੍ਰੀ ਸਨਬੋਰ ਸ਼ੁਲਾਈ ਨੂੰ ਵੀ ਸ਼ਿਲੌਂਗ ਦੀ ਪੰਜਾਬੀ ਲੇਨ ਵਿੱਚ ਵੱਸਦੇ ਸਿੱਖਾਂ ਦਾ ਸਾਥ ਦੇਣ ਅਤੇ ਕਿਸੇ ਵੀ ਮੁਸੀਬਤ ਸਮੇਂ ਉਨ੍ਹਾਂ ਦੇ ਨਾਲ ਖੜ੍ਹਣ ਲਈ ਆਖਿਆ। ਉਨ੍ਹਾਂ ਮੇਘਾਲਿਆ ਸਰਕਾਰ ਦੇ ਕੈਬਨਿਟ ਮੰਤਰੀ ਸ੍ਰੀ ਸਨਬੋਰ ਸ਼ੁਲਾਈ ਨੂੰ ਕਿਹਾ ਰਾਜ ਧਰਮ ਨਿਭਾਉਣ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਕਰੀਬ ਦੋ ਸਦੀਆਂ ਤੋਂ ਇੱਥੇ ਵੱਸ ਰਹੇ ਸਿੱਖਾਂ ਨਾਲ ਕੋਈ ਧੱਕਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵੀ ਸਾਨੂੰ ਹੱਕ ਸੱਚ ਦਾ ਸਾਥ ਦੇਣ ਅਤੇ ਜਬਰ ਜ਼ੁਲਮ ਦੇ ਵਿਰੁੱਧ ਖੜ੍ਹਣ ਦਾ ਸੰਦੇਸ਼ ਦਿੰਦੀ ਹੈ। ਕੈਬਨਿਟ ਮੰਤਰੀ ਸ੍ਰੀ ਸਨਬੋਰ ਸ਼ੁਲਾਈ ਨੇ ਜਥੇਦਾਰ ਗੜਗੱਜ ਨੂੰ ਭਰੋਸਾ ਦਿੱਤਾ ਕਿ ਉਹ ਇੱਥੇ ਵੱਸਦੇ ਸਿੱਖਾਂ ਦੇ ਨਾਲ ਹਨ।

ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਗੜਗੱਜ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਇਲਾਕੇ ਵਿੱਚ ਸਿੱਖੀ ਸੇਵਾਵਾਂ ਨਿਭਾਉਣ ਵਾਲੀਆਂ ਸਿੱਖ ਸ਼ਖ਼ਸੀਅਤਾਂ ਦਾ ਸਿੰਘ ਸਾਹਿਬ ਵੱਲੋਂ ਸਨਮਾਨ ਕੀਤਾ ਗਿਆ।

ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਰਨਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ, ਗੁਰਦੁਆਰਾ ਗੁਰੂ ਨਾਨਕ ਦਰਬਾਰ ਸ਼ਿਲੌਂਗ (ਮੇਘਾਲਿਆ) ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਜੀਤ ਸਿੰਘ, ਉੱਤਰ ਪੂਰਬ ਸਿੱਖ ਪ੍ਰਤੀਨਿੱਧ ਬੋਰਡ ਦੇ ਸੀਨੀਅਰ ਮੁੱਖ ਸਲਾਹਕਾਰ ਤੇ ਗੁਰਦੁਆਰਾ ਧੂਬੜੀ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਭੂਪਿੰਦਰਪਾਲ ਸਿੰਘ, ਸ. ਜਸਕਰਨ ਸਿੰਘ ਮੀਡੀਆ ਸਲਾਹਕਾਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਇਲਾਕੇ ਦੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਹਾਜ਼ਰ ਰਹੀ।

# Opposition to Nagar Kirtan in New Zealand an Unfortunate Incident; Government Must Act Against Mischievous Elements to Maintain Communal Harmony – Jathedar Gargajj

Sri Amritsar, December 21:The Acting Jathedar of Sri Akal Takht Sahib, Giani Kuldip Singh Gargajj, has strongly condemned the incident in which a Nagar Kirtan (religious procession) being organized by the Sikh community was opposed by certain mischievous elements in the town of Manurewa in South Auckland, New Zealand. Terming the incident a challenge to the Sikh community and to social and communal harmony, he said such acts threaten peaceful coexistence in society.Jathedar Gargajj stated that a group of individuals—reportedly led by a person named Brian Tamaki, a controversial leader of a group—deliberately misused local customs and traditions of New Zealand to create a hateful atmosphere and challenge the Sikh community. He said the New Zealand government must take serious note of this matter and act firmly against such elements who are attempting to create bitterness and disrupt communal harmony.He emphasized that Sikhs respect all religions and faiths, and likewise it is the responsibility of others to respect the religious freedom of Sikhs. He pointed out that Nagar Kirtans are organized only after obtaining official permissions, and therefore it is the responsibility of the local administration to ensure a safe and secure environment. According to information received from Sikhs in New Zealand, he said, the local Māori community lives in harmony with the Sikh community, and the recent incident appears to be the handiwork of only a single mischievous group.Following the incident, the management committees of 25 Gurdwaras in New Zealand have been in continuous contact with the local government and police administration. Jathedar Giani Kuldeep Singh Gargajj assured them of full support from Sri Akal Takht Sahib.Jathedar Gargajj said that through hard work and intelligence, Sikhs today live in various countries across the world and have earned respect and recognition. He noted that in New Zealand and other countries, Sikhs have established themselves by diligently following local laws and regulations and have obtained citizenship or work permits through lawful means. Wherever they reside, he said, Sikhs make significant contributions to the progress and development of those societies, and they have similarly contributed positively to New Zealand's growth and development.He further said that the Sikh community prays daily for the welfare of all humanity and is a peace-loving community. He appreciated the Sikh community in New Zealand for maintaining restraint and discipline despite the opposition by some local elements, and for not giving in to any provocation. Stressing that discipline and a spirit of dedication are central to Sikh teachings, he asked the Sikh community in New Zealand to remain vigilant and to address such situations strictly through lawful and peaceful means.Jathedar Gargajj directed Sikh leaders in New Zealand to engage in dialogue with the Prime Minister of New Zealand, local government leaders, and senior leaders of the Māori community to discuss the issue and to inform them about Sikh values and traditions. He said Sikhs in New Zealand should work with the local government to ensure that a safe environment is provided for organizing Nagar Kirtans and other Sikh religious events in the future, so that such incidents do not recur.The Jathedar also asked New Zealand Prime Minister Christopher Luxon, Foreign Minister Winston Peters, and India's External Affairs Minister Dr. S. Jaishankar to give special attention to the matter and ensure that mischievous elements are not allowed to harm the spirit of cooperation and harmony between the two countries and the communities.



# ਨਿਊਜੀਲੈਂਡ 'ਚ ਨਗਰ ਕੀਰਤਨ ਨੂੰ ਰੋਕਣਾ ਅਤਿ ਨਿੰਦਣ ਯੋਗ ਘਟਨਾ: ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਮੁਖੀ ਦਮਦਮੀ ਟਕਸਾਲ



ਮਹਿਤਾ ਚੌਕ-ਨਿਊਜੀਲੈਂਡ ਵਿਚ ਸਥਾਨਕ ਕੁਝ ਕੁ ਲੋਕਾਂ ਨੇ ਸਿੱਖਾਂ ਵੱਲੋਂ ਕੱਢਿਆ ਜਾ ਰਿਹਾ ਨਗਰ ਕੀਰਤਨ ਰੋਕਿਆ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਸਾਡੀ ਧਰਤੀ ਹੈ ਇਥੋ ਵਾਪਿਸ ਜਾਓ। ਸਿੱਖ ਧਰਮ ਦੀ ਮੂਲ ਸਿੱਖਿਆ "ਸਰਬੱਤ ਦਾ ਭਲਾ" ਹੈ। ਇਸ ਮਸਲੇ ਵਿਚ ਕਿਸੇ ਵੀ ਉਕਸਾਏ ਜਾਂ ਭਾਵੁਕ ਨਾਅਰਿਆਂ, ਤਕਰਾਰ ਜਾਂ ਹਿੰਸਕ ਪ੍ਰਤੀਕਿਰਿਆ ਤੋਂ ਬਚਿਆ ਜਾਣਾ ਚਾਹੀਦਾ ਸੀ ਜਦਕਿ ਸਿੱਖਾਂ ਵੱਲੋਂ ਬਹੁਤ ਸ਼ਾਂਤਮਈ ਵਿਵਹਾਰ ਸਦਕਾ ਇਸ ਘਟਨਾ ਨਾਲ ਨਜਿੱਠਿਆ ਗਿਆ ਜੋ ਕਿ ਸਿੱਖੀ ਦੀ ਅਸਲ ਤਾਕਤ ਹੈ। ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਭਾਰਤ ਸਰਕਾਰ ਆਪਣੇ ਤੌਰ ਤੇ ਅਤੇ ਸਮੂਹ ਸਿੱਖਾਂ ਦੇ ਨੁਮਾਇੰਦਿਆਂ ਨੂੰ ਇਕੱਤਰ ਹੋਕੇ ਸਥਾਨਕ (ਮਾਓਰੀ ਜਾਂ ਹੋਰ) ਸਮੁਦਾਇ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਅਤੇ ਉਥੋਂ ਦੀ ਸਰਕਾਰ ਨੂੰ ਮਿਲਕੇ ਵੀ ਇਸ ਮਸਲੇ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਉਥੋਂ ਦੇ ਲੋਕਾਂ ਨੂੰ ਅਤੇ ਸਰਕਾਰਾ ਨੂੰ ਦੱਸਣਾ ਚਾਹੀਦਾ ਹੈ ਕਿ ਸਿੱਖ ਕਿਸੇ ਦੀ ਧਰਤੀ 'ਤੇ ਕਬਜ਼ਾ ਕਰਨ ਨਹੀਂ ਆਏ, ਸਿੱਖ ਹਰ ਦੇਸ਼ ਦੇ ਕਾਨੂੰਨ ਅਤੇ ਸਥਾਨਕ ਸੱਭਿਆਚਾਰ ਦਾ ਅਤੇ ਧਾਰਮਿਕ ਰਹੁ ਰੀਤਾਂ ਦਾ ਸਨਮਾਨ ਕਰਦੇ ਹਨ, ਨਗਰ ਕੀਰਤਨ ਸਿਰਫ਼ ਆਤਮਿਕ ਅਤੇ ਸ਼ਾਂਤਮਈ ਧਾਰਮਿਕ ਪ੍ਰਕਿਰਿਆ ਹੈ। ਨਿਊਜੀਲੈਂਡ ਦੀ ਸਰਕਾਰ ਨੂੰ ਵੀ ਪੂਰੀ ਸ਼ਖਤੀ ਵਰਤੇ ਹੋਏ ਦੋਸ਼ੀਆਂ ਤੇ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਸਿੱਖ ਪੰਥ ਅੰਦਰ ਪੈਦਾ ਹੋ ਰਹੇ ਰੋਸ ਨੂੰ ਸ਼ਾਂਤ ਕੀਤਾ ਜਾ ਸਕੇ।




# ਸ਼ਹੀਦ ਭਾਈ ਊਦੈ ਸਿੰਘ

ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ ਆ ਸਿਰਕੱਢ 25 ਸਿੰਘਾਂ ਦਾ ਇੱਕ ਖਾਸ ਜਥਾ ਹਰ ਸਮੇਂ ਦਸਵੇਂ ਪਾਤਸ਼ਾਹ ਧੰਨ ਗੁਰੂ ਗੋਬਿੰਦ ਜੀ ਦੀ ਸੇਵਾ 'ਚ ਰਹਿੰਦਾ ਭਾਵ ਕਿ ਗੁਰੂ ਸਾਹਿਬ ਦੀ ਸਕਿਓਰਟੀ 'ਚ।ਏਸ ਜਥੇ 'ਚ ਸਾਰੇ ਸਿੰਘ ਬੜੇ ਫੁਰਤੀਲੇ ਤੇ ਜੁਝਾਰੂ ਯੋਧੇ ਹੁੰਦੇ ਸੀ ਏਨਾਂ 'ਚੋਂ ਇੱਕ ਖਾਸ ਨਾਮ ਹੈ, ਮਹਾਨ ਜਰਨੈਲ 'ਭਾਈ ਊਦੈ ਸਿੰਘ ਜੀ' ਦਾ।ਭਾਈ ਉਦੈ ਸਿੰਘ ਜੀ ਦਾ ਜਨਮ 27 ਕੱਤਕ, ਬਿਕਰਮੀ ਸੰਮਤ 1722 ਸੰਨ 1665 ਮਾਤਾ ਸੀਤੋ ਬਾਈ ਜੀ ਦੀ ਪਾਵਨ ਕੁੱਖੋਂ ਪਿਤਾ ਭਾਈ ਮਨੀ ਸਿੰਘ ਜੀ ਘਰ ਪਿੰਡ ਅਲੀਪੁਰ, ਨੇੜੇ ਮੁਲਤਾਨ (ਅੱਜਕਲ ਪਾਕਿਸਤਾਨ) 'ਚ ਹੋਇਆ।1666 ਨੂੰ ਪੋਹ ਮਹੀਨੇ ਕਲਗੀਧਰ ਪਿਤਾ ਜੀ ਦਾ ਪ੍ਰਕਾਸ਼ ਹੋਇਆ ਸੀ।ਸੋ ਭਾਈ ਉਦੈ ਸਿੰਘ ਦੀ ਉਮਰ ਕਲਗੀਧਰ ਜੀ ਤੋਂ ਕਰੀਬ ਸਵਾ ਕੁ ਸਾਲ ਵੱਡੇ ਸੀ। ਸਿੱਖੀ ਭਾਈ ਸਾਹਿਬ ਨੂੰ ਵਿਰਾਸਤ 'ਚ ਮਿਲੀ। ਏਨਾਂ ਦਾ ਵੱਡਾ ਭਾਈ ਬੱਲੂ ਰਾਏ ਛੇਵੇਂ ਪਾਤਸ਼ਾਹ ਦਾ ਮਹਾਨ ਸੂਰਬੀਰ ਸਿੱਖ ਹੋਇਆ।ਭਾਈ ਦਿਆਲਾ ਜੀ ਜਿਨ੍ਹਾਂ ਨੂੰ ਮੁਗਲ ਹਕੂਮਤ ਨੇ ਚਾਂਦਨੀ ਚੌਂਕ 'ਚ ਦੇਗ 'ਚ ਉਬਾਲ ਕੇ ਸ਼ਹੀਦ ਕੀਤਾ ਭਾਈ ਉਦੈ ਸਿੰਘ ਦੇ ਤਾਇਆ ਜੀ ਸਨ।ਭਾਈ ਸਾਹਿਬ ਦੇ ਚਾਰ ਭਰਾ ਹੋਰ ਸਨ, ਭਾਈ ਬਚਿੱਤਰ ਸਿੰਘ, ਅਨਿਕ ਸਿੰਘ, ਅਜਬ ਸਿੰਘ ਅਤੇ ਅਜਾਇਬ ਸਿੰਘ।ਸਾਰੇ ਹੀ ਬੜੇ ਸੂਰਵੀਰ ਯੋਧਾ ਸੀ। ਭਾਈ ਬਚਿੱਤਰ ਸਿੰਘ ਉਹ ਹਨ ਜਿਹਨਾਂ ਨੇ ਨਾਗਨੀ ਨਾਲ ਹਾਥੀ ਦਾ ਸਿਰ ਪਾੜਿਆ ਸੀ। ਬਾਕੀ ਤਿੰਨੇ ਭਰਾ ਚਮਕੌਰ ਸਾਹਿਬ ਦੀ ਜੰਗ ਚ ਸ਼ਹੀਦ ਹੋਏ। ਉਹਨਾਂ ਚਾਲੀ ਸਿੰਘਾਂ 'ਚ ਤਿੰਨ ਭਾਈ ਉਦੈ ਸਿੰਘ ਦੇ ਭਰਾ ਸੀ ਭਾਵ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਸੀ।ਏਥੋਂ ਪਤਾ ਚਲਦਾ ਹੈ ਕਿ ਭਾਈ ਸਾਹਿਬ ਦੇ ਪਰਿਵਾਰ ਦਾ ਸਿੱਖੀ ਨਾਲ ਕਿੰਨਾ ਗੂੜ੍ਹਾ ਨਾਤਾ ਸੀ! ਇਥੇ ਇੱਕ ਗੱਲ ਹੋਰ ਜ਼ਿਕਰਯੋਗ ਹੈ ਕਿ ਭੱਟ ਵਹੀਆਂ ਅਨੁਸਾਰ ਭਾਈ ਮਨੀ ਸਿੰਘ ਜੀ ਦੇ ਦੋ ਵਿਆਹ ਤੇ ਦਸ ਪੁੱਤਰਾਂ ਦਾ ਜ਼ਿਕਰ ਮਿਲਦਾ ਹੈ ਪਰ ਰਤਨ ਸਿੰਘ ਜੱਗੀ ਨੇ ਭਾਈ ਮਨੀ ਸਿੰਘ ਜੀ ਦੀ ਜੀਵਨੀ 'ਚ ਕਲਗੀਧਰ ਜੀ ਦਾ ਇੱਕ ਹੁਕਮਨਾਮਾ ਦਿੱਤਾ ਜੋ ਸੰਮਤ 1760 ਅਨੁਸਾਰ 1703 ਈਸਵੀ ਦਾ ਹੈ।ਉਸ 'ਚ ਭਾਈ ਸਾਹਿਬ ਦੇ ਪੰਜ ਪੁੱਤਰਾਂ ਦੇ ਹੀ ਨਾਮ ਆਏ ਹਨ, ਭਾਈ ਬਚਿੱਤਰ ਸਿੰਘ, ਊਦੈ ਸਿੰਘ ਅਜਬ ਸਿੰਘ, ਅਨਕ ਸਿੰਘ ਅਜਾਇਬ ਸਿੰਘ। ਇਸ ਹੁਕਮਨਾਮੇ 'ਚ ਕਲਗੀਧਰ ਪਿਤਾ ਜੀ ਏਨਾਂ ਸਾਰੇ ਭਰਾਵਾਂ ਨੂੰ ਅਪਣੇ ਪੁੱਤ ਫਰਜੰਦ ਲਿਖਦੇ ਹਨ। ਹੁਕਮਨਾਮੇ ਦੇ ਬੋਲ ਹਨ:-

ਤੁਹੀ ਮੇਰੇ ਪੁਤਰ ਫਰਜੰਦ ਖਾਨੇ ਜਾਂਦੇ ਹੋ ਤੁਸਾਂ ਉਪਰ ਮੇਰੀ ਖੁਸ਼ੀ ਹੈ।

ਏਹ ਵੀ ਸਬੂਤ ਹੈ ਕਿ ਏਸ ਪਰਿਵਾਰ 'ਤੇ ਕਿੰਨੀ ਅਥਾਹ ਕਿਰਪਾ ਸੀ।ਏਸੇ ਕਰਕੇ ਸਾਰਾ ਪਰਿਵਾਰ ਪੁਰਜਾ ਪੁਰਜਾ ਹੋ ਸਿੱਖੀ ਤੋਂ ਕੁਰਬਾਨ ਹੋ ਗਿਆ।ਕਵੀ ਸੰਤੋਖ ਸਿੰਘ ਜੀ ਨੇ ਵੀ ਪੰਜ ਭਰਾਵਾਂ ਦਾ ਹੀ ਜ਼ਿਕਰ ਕੀਤਾ ਹੈ! ਜੋਕਿ ਹੋਰ ਖੋਜ ਦੀ ਮੰਗ ਕਰਦਾ ਹੈ! 18 ਕੁ ਸਾਲ ਦੀ ਉਮਰੇ ਭਾਈ ਉਦੈ ਸਿੰਘ ਦਾ ਵਿਆਹ ਹੋਇਆ। ਭੱਟ ਵਹੀ ਮੁਲਤਾਨੀ ਅਨੁਸਾਰ ਵਿਆਹ ਚੇਤ ਮਹੀਨੇ 1693 ਨੂੰ ਹੋਇਆ।'ਗੁਰੂ ਕੇ ਸ਼ੇਰ' ਕਿਤਾਬ 'ਚ ਭਾਈ ਉਦੈ ਸਿੰਘ ਦੇ ਪੁੱਤਰਾਂ ਦੀ ਸ਼ਹੀਦੀ ਦਾ ਵੀ ਜ਼ਿਕਰ ਹੈ ਭਾਈ ਮਹਿਬੂਬ ਸਿੰਘ ਤੇ ਫ਼ਤਹਿ ਸਿੰਘ ਜੋ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕਮਾਨ ਹੇਠ ਲੜਦਿਆਂ ਚਪੜ ਚਿੱੜੀ ਦੀ ਜੰਗ ਚ ਸ਼ਹੀਦ ਹੋਏ! ਭਾਈ ਬਾਘ ਸਿੰਘ ਬਿਲਾਸਪੁਰ ਦੀ ਜੰਗ 'ਚ ਸ਼ਹੀਦ ਹੋ। ਭਾਈ ਮੋਹਰ ਸਿੰਘ ਭਾਈ ਅਲਬੇਲ ਸਿੰਘ ਸਢੌਰੇ ਦੀ ਜੰਗ ਚ ਸ਼ਹੀਦ ਹੋਏ।1699 ਵਿਸਾਖੀ ਵਾਲੇ ਦਿਨ ਜਦੋਂ ਦਸਮੇਸ਼ ਪਿਤਾ ਨੇ ਸਰਬੱਤ ਸੰਗਤ ਦਾ ਵਿਸ਼ੇਸ਼ ਇੱਕਠ ਕਰਕੇ ਕੇਸਗੜ੍ਹ ਸਾਹਿਬ ਖਾਲਸਾ ਪ੍ਰਗਟ ਕੀਤਾ, ਅੰਮ੍ਰਿਤ ਦੀ ਦਾਤ ਬਖਸ਼ੀ ਤਾਂ ਉਸ ਵਿਚ ਭਾਈ ਮਨੀ ਸਿਘ ਜੀ ਵੀ ਅਪਣੇ ਪੰਜਾਂ ਪੁੱਤਰਾਂ ਸਮੇਤ ਹਾਜ਼ਰ ਹੋ ਸਾਰੇ ਪਰਿਵਾਰ ਨੇ ਅੰਮ੍ਰਿਤ ਛਕਿਆ ਤੇ ਗੁਰੂ ਕਾ ਖਾਲਸਾ ਬਣੇ।ਭਾਈ ਮਨੀ ਰਾਮ ਤੋਂ ਮਨੀ ਸਿੰਘ।ਏਦਾਂ ਹੀ ਬਚਿੱਤਰ ਸਿੰਘ, ਊਦੈ ਸਿੰਘ ਅਜਬ ਸਿੰਘ, ਅਨਕ ਸਿੰਘ, ਅਜਾਇਬ ਸਿੰਘ ਬਣੇ। ਕਵੀ ਭਾਈ ਸੰਤੋਖ ਸਿੰਘ ਜੀ ਨੇ ਇਸ ਪਰਿਵਾਰ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ਤੇ ਨਾਲ ਜਿਕਰ ਕੀਤਾ ਹੈ ਕਿ ਭਾਈ ਊਦੈ ਸਿੰਘ ਪੰਜੇ ਭਰਾ ਐਂ ਸੋਭਦੇ ਜਿਵੇਂ ਪੰਜ ਪਾਂਡਵ ਸੀ। ਜਿਵੇਂ ਪਾਂਡਵ ਮਹਾਂ ਭਾਰਤ ਯੁੱਧ 'ਚ ਮਹਾਂਬਲੀ ਮੰਨੇ ਜਾਂਦੇ, ਏਦਾਂ ਏਹ ਪੰਜੇ ਭਰਾ ਮਹਾਂ ਬਲੀ ਯੋਧੇ ਹਨ, ਕਵੀ ਜੀ ਲਿਖਦੇ ਹਨ:

ਪੁਰਿ ਮੁਲਤਾਨ ਅਲੀਪੁਰਿ ਨੇਰੇ।ਮਾਈਦਾਸ ਰਜਪੂਤ ਬਸੇਰੇ।
ਤਿਸ ਕੇ ਮਨੀ ਰਾਮ ਸੁਤ ਹੋਯੋ।ਆਇ ਤਹਾਂ ਗੁਰ ਦਰਸ਼ਨ ਜੋਯੋ।
ਪੰਚ ਪੁੱਤ੍ਰ ਲੇ ਅਪਨੇ ਸਾਥ।ਸ਼ਰਨੀ ਪਰ੍ਯੋ ਰਹ੍ਯੋ ਗੁਰਨਾਥ।
ਸੋ ਪੰਚਹੁਂ ਭ੍ਰਾਤਾ ਕਰਿ ਖਰੇ।ਸਿੰਘ ਨਾਮ ਤਿਨ ਕੇ ਗੁਰ ਧਰੇ।
ਬਡੋ ਬਚਿੱਤ੍ਰ ਸਿੰਘ ਭਟ ਭਯੋ। ਉਦੇ ਸਿੰਘ ਦੂਸਰ ਬਿਦਤਯੋ।
ਅਨਕ ਸਿੰਘ ਅਰ ਅਜਬ ਸਿੰਘ ਪੁਨ।ਪੰਚਮ ਭਯੋ ਅਜਾਇਬ ਸਿੰਘ ਗੁਨਿ।ਅੰਮ੍ਰਿਤ ਖੰਡੇ ਕੋ ਤਿਨ ਦੀਨਾ।ਮਨਹੁਂ ਪੰਚ ਪਾਂਡਵ ਬਲ ਪੀਨਾ। (ਸੂਰਜ ਪ੍ਰਕਾਸ਼ ਗ੍ਰੰਥ)

ਖਾਲਸਾ ਬਣਨ ਤੋਂ ਬਾਅਦ ਭਾਈ ਊਦੈ ਸਿੰਘ ਨੂੰ ਕਲਗੀਧਰ ਪਿਤਾ ਜੀ ਨੇ ਆਪਣੀ ਨਿੱਜੀ ਸੇਵਾ ਵਾਲੇ ਜਥੇ 'ਚ ਸ਼ਾਮਲ ਕਰ ਲਿਆ।ਪਾਤਸ਼ਾਹ ਨੇ ਜਿੱਥੇ ਜਾਣਾ ਹੁੰਦਾ ਜਥਾ ਨਾਲ ਹੁੰਦਾ। 1699 ਈ. ਤੋਂ ਬਾਅਦ ਅਨੰਦਪੁਰ ਸਾਹਿਬ ਦੇ ਹਲਾਤ ਛੇਤੀ ਨਾਲ ਬਦਲਣ ਲੱਗ ਪਏ। ਸੰਗਤਾਂ ਦਾ ਆਉਣਾ-ਜਾਣਾ ਵਧ ਗਿਆ। ਮੁਗ਼ਲ ਹਕੂਮਤ ਤੇ ਪਹਾੜੀ ਰਾਜੇ ਪੱਬਾਂ ਭਾਰ ਹੋ ਗਏ। ਇਸ ਸਮੇਂ ਕਈ ਘਟਨਾਵਾਂ ਵਾਪਰੀਆਂ ਜਿੰਨਾਂ 'ਚ ਭਾਈ ਊਦੈ ਸਿੰਘ ਦਾ ਖਾਸ ਰੋਲ ਰਿਹਾ।'ਗੁਰੂ ਕੀਆਂ ਸਾਖੀਆਂ' ਕਿਤਾਬ 'ਚ ਜ਼ਿਕਰ ਹੈ ਕਿ ਇਕ ਦਿਨ ਪੋਠੋਹਾਰ ਦੀ ਸੰਗਤ ਅਨੰਦਪੁਰ ਸਾਹਿਬ ਨੂੰ ਆ ਦਰਸ਼ਨਾਂ ਰਹੀ ਸੀ ਨੂਹ ਪਿੰਡ ਦੇ ਰੰਘੜਾਂ ਨੇ ਲੁੱਟ ਲਿਆ।ਸੰਗਤ ਨੇ ਆ ਕੇ ਪਾਤਸ਼ਾਹ ਨੂੰ ਦੱਸਿਆ।ਮਹਾਰਾਜ ਨੇ ਭਾਈ ਊਦੈ ਸਿੰਘ ਨੂੰ ਹੁਕਮ ਕੀਤਾ ਕਿ ਸੌ ਸਿੰਘਾਂ ਦਾ ਜਥਾ ਤਿਆਰ ਕਰੋ। ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ 'ਚ ਅਗਲੇ ਦਿਨ ਜਥਾ ਭੇਜਿਆ।ਸਾਹਿਬਜਾਦਾ ਤੇ ਭਾਈ ਊਦੈ ਸਿੰਘ ਹੁਣਾ ਨੇ ਨੂਹ ਦੇ ਰੰਘੜਾਂ ਨੂੰ ਜੰਗੀ ਤੌਣੀ ਲਾਈ।ਏਦਾਂ ਹੀ ਇਕ ਦਿਨ ਬਜਰੂੜ ਦੇ ਰੰਘੜਾਂ ਨੇ ਸੰਗਤ ਨੂੰ ਲੁੱਟ ਲਿਆ ਤਾਂ ਉਦੋਂ ਵੀ ਸਾਹਿਬਜ਼ਾਦਾ ਤੇ ਭਾਈ ਊਦੈ ਸਿੰਘ ਨੂੰ ਜਥਾ ਦੇ ਕੇ ਸਤਿਗੁਰੂ ਭੇਜਿਆ। ਬਜਰੂੜ ਦੇ ਰੰਘੜਾਂ ਵੀ ਮੁਕਾਬਲਾ ਕੀਤਾ ਪਰ ਵੱਸ ਨਾ ਚੱਲਿਆ, ਮੂੰਹ ਦੀ ਖਾਣੀ ਪਈ। ਇਸ ਲੜਾਈ 'ਚ ਚਿਤੂ ਤੇ ਮਿਤੂ ਦੋ ਮੁਖੀ ਰੰਘੜ ਮਾਰੇ ਗਏ ।'ਗੁਰੂ ਕੀਆਂ ਸਾਖੀਆਂ' ਪੋਥੀ 'ਚ ਜ਼ਿਕਰ ਹੈ ਕਿ ਗਰਮੀ ਦਾ ਸਮਾਂ ਹਾੜ ਦਾ ਮਹੀਨਾ ਸੀ ਇੱਕ ਦਿਨ ਦਸਵੇਂ ਸਤਿਗੁਰੂ ਸਿੰਘਾਂ ਸਮੇਤ ਸ਼ਿਕਾਰ ਖੇਡਣ ਗਏ! ਰਾਜਾ ਬਲੀਆ ਚੰਦ ਤੇ ਆਲਮ ਚੰਦ ਨੇ ਵੇਖ ਲਿਆ ਸਿਧਾ ਤਾਂ ਸਾਹਮਣੇ ਨਈ ਹੋਏ, ਪਰ ਉਹ ਘਾਤ ਲਾ ਕੇ ਬੈਠ ਗਏ ਤੇ ਅਚਾਨਕ ਪਾਤਸ਼ਾਹ ਤੇ ਹਮਲਾ ਕਰ ਦਿੱਤਾ।ਗੁਰੂ ਸਾਹਿਬ ਨੇ ਬੜੀ ਚਲਾਕੀ ਨਾਲ ਅਰਾਕੀ ਘੋੜੇ ਨੂੰ ਮੋੜਿਆ। ਨਾਲ ਹੀ ਭਾਈ ਉਦੈ ਸਿੰਘ ਭਾਈ ਆਲਮ ਸਿੰਘ ਨੂੰ ਕਿਹਾ ਕਿ ਏਨਾਂ ਦੁਸਟਾਂ ਨੂੰ ਮਜ਼ਾ ਚਖਾਉ!ਹੁਕਮ ਸੁਣ ਸਿੰਘਾਂ ਨੇ ਹਮਲਾ ਕੀਤਾ।ਚੰਗਾ ਭੇੜ ਹੋਇਆ ਬਲੀਆ ਚੰਦ ਤੇ ਆਲਮ ਚੰਦ ਦੋਵੇਂ ਸਖ਼ਤ ਜ਼ਖ਼ਮੀ ਹੋ ਗਏ। ਉਹਨਾਂ ਭੱਜ ਕੇ ਜਾਨ ਬਚਾਈ।ਸਿੱਖ ਇਤਿਹਾਸ 'ਚ ਇੱਕ ਸਾਖੀ ਬੜੀ ਪ੍ਰਚਲਤ ਐ, ਖੋਤੇ ਤੇ ਸ਼ੇਰ ਦੀ ਖੱਲ ਵਾਲੀ, ਪਰ ਜਿਸ ਸ਼ੇਰ ਦੀ ਖੱਲ ਲਵਾ ਕੇ ਖੋਤੇ 'ਤੇ ਪਵਾਈ ਸੀ ਕਲਗੀਧਰ ਜੀ ਨੇ। ਏਹ ਸ਼ੇਰ ਵੀ ਭਾਈ ਉਦੈ ਸਿੰਘ ਨੇ ਹੀ ਮਾਰਿਆ ਸੀ। ਗੱਲ ਇੰਜ ਹੋਈ ਸੀ ਕਿ ਸਾਉਣ ਦਾ ਮਹੀਨਾ ਸੀ, ਭਾਈ ਉਦੈ ਸਿੰਘ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਕੁਝ ਸਿੰਘਾਂ ਸਮੇਤ ਸ਼ਿਕਾਰ ਨੂੰ ਚੜਿਆ।ਅਚਾਨਕ ਇੱਕ ਬੱਬਰ ਸ਼ੇਰ ਨੇ ਭਾਈ ਊਦੈ ਸਿੰਘ 'ਤੇ ਹਮਲਾ ਕਰ'ਤਾ। ਭਾਈ ਸਾਹਿਬ ਨੇ ਬੜੀ ਫੁਰਤੀ ਨਾਲ ਖੁਦ ਨੂੰ ਸੰਭਾਲਦਿਆਂ ਨਾਲ ਹੀ ਬੰਦੂਕ ਦਾ ਘੋੜਾ ਦੱਬ'ਤਾ। ਇੱਕ ਪੱਲ 'ਚ ਸ਼ੇਰ ਢੇਰ ਕਰ'ਤਾ। ਸ਼ੇਰ ਬੜਾ ਤਗੜਾ ਸੀ, ਲੱਦ ਕੇ ਅਨੰਦਪੁਰ ਲੈਣ ਆਏ ਨਾਲ ਦੇ ਸਿੰਘਾਂ ਨੇ ਪਾਤਸ਼ਾਹ ਨੂੰ ਊਦੈ ਸਿੰਘ ਦੀ ਬਹਾਦਰੀ ਬਾਰੇ ਦੱਸਿਆ। ਗੁਰੂ ਸਾਹਿਬ ਬੜੇ ਖੁਸ਼ ਹੋਏ। ਦੀਵਾਨ ਭਾਈ ਸਾਹਿਬ ਸਿੰਘ ਨੂੰ ਹੁਕਮ ਕੀਤਾ ਇਸ ਸ਼ੇਰ ਦੀ ਖੱਲ ਲੁਹਾ ਕੇ ਖੋਤੇ 'ਤੇ ਪਾ ਕੇ ਖੇਤਾਂ 'ਚ ਛੱਡ ਦਿਉ। ਹੁਕਮ ਸੁਣ ਸਿੰਘਾਂ ਏਦਾ ਹੀ ਕੀਤਾ। ਏਹ ਸਾਖੀ ਪ੍ਰਚਾਰਕ ਆਮ ਹੀ ਸੰਗਤ ਸੁਣਾ ਕੇ ਸਮਝਉਂਦੇ ਹਨ ਕਿ ਅਸੀਂ ਬਾਹਰੋਂ ਸ਼ੇਰ ਅੰਦਰੋਂ ਖੋਤੇ ਹੀ ਨਾ ਬਣੇ ਰਹਿ ਜਾਈਏ। ਬੱਸੀ ਪਠਾਣਾਂ ਦੇ ਹਾਕਮ ਨੂੰ ਸੋਧਣ ਵੇਲੇ ਵੀ ਭਾਈ ਉਦੈ ਸਿੰਘ ਸਾਹਿਬਜ਼ਾਦਾ ਅਜੀਤ ਸਿੰਘ ਦੇ ਨਾਲ ਸੀ ਏਦਾਂ ਦੀਆਂ ਬੜੀਆਂ ਘਟਨਾਵਾਂ ਜਿੰਨਾਂ 'ਚ ਭਾਈ ਊਦੈ ਸਿੰਘ ਨੇ ਅਹਿਮ ਸੇਵਾ ਨਿਭਾਈ। ਅਨੰਦਪੁਰ ਸਾਹਿਬ ਦੀਆਂ ਤਕਰੀਬਨ ਸਾਰੀਆਂ ਜੰਗਾਂ 'ਚ ਭਾਈ ਸਾਹਿਬ ਦਾ ਅਹਿਮ ਰੋਲੀ ਰਿਹਾ। ਨਿਰਮੋਹਗੜ੍ਹ ਦੀ ਜੰਗ, ਬਸਾਲੀ ਦੀ ਜੰਗ, ਕਲਮੋਟ ਦੀ ਜੰਗ 'ਚ ਵੀ ਵਧ ਚੜ ਕੇ ਸੇਵਾ ਕੀਤੀ। ਭਾਈ ਊਦੈ ਸਿੰਘ ਦੇ ਜੀਵਨ ਦੀ ਇੱਕ ਹੋਰ ਬੜੀ ਮਹੱਤਵਪੂਰਨ ਘਟਨਾ ਦਾ ਜ਼ਿਕਰ ਮਿਲਦਾ ਹੈ: ਅਨੰਦਪੁਰ ਦੀਆਂ ਜੰਗ ਵੇਲੇ ਪਹਾੜੀ ਰਾਜਿਆਂ ਨੇ ਬੜਾ ਜ਼ੋਰ ਲਾਇਆ ਲੋਹਗੜ੍ਹ ਦਾ ਕਿਲ੍ਹਾ ਤੋੜਣ ਨੂੰ ਪਰ ਸਫ਼ਲ ਨਾ ਹੋਏ। ਇੱਕ ਦਿਨ ਸ਼ਾਮ ਨੂੰ ਬੈਠਿਆਂ ਜਸਵਾਲ ਰਿਆਸਤ ਦੇ ਰਾਜੇ ਕੇਸਰੀ ਚੰਦ ਨੇ ਸਾਰੇ ਰਾਜਿਆਂ ਨੂੰ ਕਿਹਾ, ਤੁਸੀਂ. ਸਾਰੇ ਮੇਰਾ ਸਾਥ ਦਿਉ! ਮੈਂ ਪ੍ਰਤਗਿਆ ਕਰਦਾਂ ਹਾਂ ਕਿ ਕੱਲ੍ਹ ਨੂੰ ਆਪਣੇ ਜੰਗੀ ਹਾਥੀ ਤੋਂ ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ ਤੁੜਵਾ ਕੇ ਗੁਰੂ ਗੋਬਿੰਦ ਸਿੰਘ ਦਾ ਸਿਰ ਵੀ ਵੱਢ ਕੇ ਲਿਆਊਂ, ਜੇ ਮੈਂ ਸ਼ਾਮ ਤੱਕ ਗੋਬਿੰਦ ਸਿੰਘ ਦਾ ਸਿਰ ਨਾ ਵੱਢ ਸਕਿਆ ਤੇ ਮੈਂ ਆਪਣੇ ਪਿਉ ਦਾ ਪੁੱਤਰ ਨੀਂ। ਨਾਲ ਕਿਹਾ, ਮੈਂ ਆਪਣਾ ਸਿਰ ਕਲਮ ਕਰ'ਲੂੰ ਮੈਨੂੰ ਹਜ਼ਾਰ ਗਊ ਹੱਤਿਆ, ਬ੍ਰਹਮ ਹੱਤਿਆ, ਕੰਨਿਆ ਘਾਤ, ਕੁਲ ਘਾਤ ਤੇ ਮਿਤ੍ਰ ਦ੍ਰੋਹ ਦਾ ਪਾਪ ਲੱਗੇ ਜੇ ਮੈਂ ਝੂਠਾ ਹੋਵਾਂ।ਸੂਹੀਏ ਰਾਹੀਂ ਕਲਗੀਧਰ ਪਿਤਾ ਨੂੰ ਏ ਸਾਰੀ ਖ਼ਬਰ ਮਿਲੀ! ਅਗਲੇ ਦਿਨ ਹੰਕਾਰਿਆ ਹੋਇਆ ਰਾਜਾ ਕੇਸਰੀ ਚੰਦ ਘੋੜੇ 'ਤੇ ਚੜਿਆ। ਹਾਥੀ ਤਿਆਰ ਕਰ ਕੇ ਸ਼ਰਾਬ ਪਿਆ ਕੇ ਲੋਹਗੜ੍ਹ ਵੱਲ ਤੋਰਿਆ। ਮਗਰ ਆਪ ਸਾਰੀ ਪਹਾੜੀ ਫੌਜ ਸਮੇਤ ਲੋਹਗੜ ਵੱਲ ਵਧਿਆ। ਏਧਰੋਂ ਗੁਰੂ ਸਾਹਿਬ ਨੇ ਭਾਈ ਊਦੈ ਸਿੰਘ ਦੇ ਵੱਡੇ ਭਰਾ ਬਾਬਾ ਬਚਿੱਤਰ ਸਿੰਘ ਨੂੰ ਨਾਗਨੀ ਫੜਾ ਥਾਪੜਾ ਦੇ ਕੇ ਤੋਰਿਆ।

ਨਾਲ ਹੀ ਭਾਈ ਊਦੈ ਸਿੰਘ ਨੂੰ ਜਥਾ ਦੇ ਕੇ ਕੇਸਰੀ ਚੰਦ ਦਾ ਸਿਰ ਲਾਹ ਕੇ ਲਿਆਉਣ ਦਾ ਹੁਕਮ ਕੀਤਾ।

ਜਦੋ ਬਾਬਾ ਬਚਿੱਤਰ ਸਿੰਘ ਨੇ ਰਕਾਬਾਂ 'ਤੇ ਖੜੇ ਹੋ ਕੇ ਹਾਥੀ ਦੇ ਮੱਥੇ 'ਚ ਨਾਗਨੀ ਮਾਰੀ ਤੇ ਹਾਥੀ ਚੀਕਾਂ ਮਾਰਦਾ ਪਿੱਛੇ ਮੁੜਿਆ।

ਉਸੇ ਸਮੇਂ ਭਾਈ ਊਦੈ ਸਿੰਘ ਜਥੇ ਸਮੇਤ ਕੇਸਰੀ ਚੰਦ ਤੇ ਜਾ ਚੜੇ। ਭਾਈ ਸਾਹਿਬ ਨੇ ਲਲਕਾਰ ਕੇ ਕਿਆ, ਉ ਹੰਕਾਰੀਆ! ਤੂੰ ਗੁਰੂ ਸਾਹਿਬ ਦਾ ਸਿਰ ਲਾਹੁਣ ਦਾ ਪ੍ਰਣ ਕੀਤਾ। ਅਜ ਮੈਂ ਤੇਰਾ ਸਿਰ ਲਾਹ ਕੇ ਗੁਰੂ ਸਾਹਿਬ ਦੀ ਚਰਨੀਂ ਸੁੱਟੂੰ।ਲੈ ਕਰਲੈ ਵਾਰ, ਕਿਤੇ ਦਿਲ ਨ ਰਹਿ ਜਾਵੇ।ਕੇਸਰੀ ਚੰਦ ਦੰਦ ਕਰੀਚਦੇ ਨੇ ਨੇ ਵਾਰ ਕੀਤਾ, ਭਾਈ ਊਦੈ ਸਿੰਘ ਨੇ ਤਲਵਾਰ ਨਾਲ ਰੋਕਦਿਆਂ, ਮੋੜਵਾਂ ਵਾਰ ਕੀਤਾ, ਕੱਦੂ ਵਾਂਗ ਕੇਸਰੀ ਚੰਦ ਦਾ ਸਿਰ ਲੈਹ ਕੇ ਔਹ ਜਾ ਪਿਆ। ਭਾਈ ਸਾਹਿਬ ਨੇ ਨੇਜ਼ੇ 'ਤੇ ਟੰਗ ਕੇ ਸਿਰ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਲਿਆ ਸੁੱਟਿਆ। ਮਹਾਰਾਜ ਆ ਪਿਆ ਪਾਪੀ ਦਾ ਸਿਰ ਜੇਹੜਾ ਆਪ ਦੀ ਸ਼ਾਨ 'ਚ ਗਲਤ ਬੋਲਦਾ ਸੀ।



**ਗੁਰੂ ਸਾਹਿਬ ਨੇ ਭਾਈ ਊਦੈ ਸਿੰਘ ਨੂੰ ਬੜੀਆਂ ਰਹਿਮਤਾਂ ਨਾਲ ਨਿਵਾਜਿਆ**

ਜਦੋਂ ਜੰਗਾਂ ਯੁੱਧਾਂ ਦੇ ਸਾਰੇ ਪੈਂਤੜੇ ਵਰਤ ਹਾਰ ਹੰਭ ਗਏ ਤਾਂ ਮੁਗਲ ਤੇ ਪਹਾੜੀ ਫੌਜ ਨੇ ਅਨੰਦਪੁਰ ਸਾਹਿਬ ਨੂੰ ਪੱਕਾ ਘੇਰਾ ਪਾਲਿਆ ਸੀ, ਉਦੋਂ ਵੀ ਭਾਈ ਊਦੈ ਸਿੰਘ ਪੰਜਾਂ ਭਰਾਵਾਂ ਸਮੇਤ ਗੁਰੂ ਚਰਨ 'ਚ ਹਾਜ਼ਰ ਰਹੇ ਭਾਂਵੇ ਕਿੰਨਾ ਵੀ ਔਖਾ ਸਮਾਂ ਆਇਆ।ਕਿਤੇ ਵੀ ਭਾਈ ਊਦੈ ਸਿੰਘ ਨੇ ਗੁਰੂ ਹੁਕਮ ਦੀ ਉਲੰਘਣਾ ਨਹੀਂ ਕੀਤੀ, ਹਰ ਸਮੇਂ ਹੁਕਮ 'ਚ ਰਹੇ!ਅਖੀਰ 6 ਪੋਹ ਦੀ ਰਾਤ ਨੂੰ ਜਦੋ ਸਤਿਗੁਰਾਂ ਨੇ ਅਨੰਦਪੁਰ ਸਾਹਿਬ ਛੱਡਿਆ, ਉਦੋਂ ਭਾਈ ਊਦੈ ਸਿੰਘ ਦਾ ਜਥਾ ਨਿਗਰਾਨੀ 'ਤੇ ਸੀ।

ਕਿਲ੍ਹੇ 'ਚੋਂ ਨਿਕਲੀ ਵਹੀਰ ਅਜੇ ਸ਼ਾਹੀ ਟਿੱਬੀ ਨੇੜੇ ਹੀ ਪਹੁੰਚੀ ਸੀ ਜਦੋਂ ਸਾਰੀਆਂ ਸੌਹਾਂ, ਕਸਮਾਂ ਤੋੜ ਹਿੰਦੂ ਤੇ ਮੁਗਲ ਫੌਜ ਅਚਾਨਕ ਇਕ ਦਮ ਚੜ੍ਹ ਆਈ।

ਉਸ ਸਮੇਂ ਸੱਚੇ ਪਾਤਸ਼ਾਹ ਨੇ ਆਪਣੇ ਚੋਟੀ ਦੇ ਮਹਾਨ ਜਰਨੈਲ ਭਾਈ ਉਦੈ ਸਿੰਘ ਨੂੰ ਕੋਲ ਸੱਦ ਕੇ ਵੈਰੀ ਨੂੰ ਟੱਕਰ ਦੇਣ ਦਾ ਹੁਕਮ ਕੀਤਾ।

ਕਵੀ ਸੰਤੋਖ ਸਿੰਘ ਲਿਖਦੇ ਹਨ, ਭਾਈ ਉਦੈ ਸਿੰਘ ਨੇ ਆਪ ਆਗਿਆ ਮੰਗੀ ।'ਹਜ਼ੂਰੀ ਸ਼ਹੀਦ' ਕਿਤਾਬ 'ਚ ਲਿਖਿਆ ਹੈ, ਉਸ ਸਮੇਂ ਮਹਾਰਾਜ ਨੇ ਆਪਣੇ ਗਲੇ ਦਾ ਪੁਸ਼ਾਕਾ ਬਖਸ਼ਿਆ। ਜਿਸ ਵਿਚ ਬੇਅੰਤ ਬਖਸ਼ਿਸਾਂ ਸਾਰੀ ਯੁੱਧ ਕਲਾ ਤੇ ਜੰਗੀ ਪੈਂਤੜੇ ਸੀ।

ਸੂਰਜ ਪ੍ਰਕਾਸ਼ 'ਚ ਲਿਖਿਆ ਹੈ , ਆਪਣੇ ਏਸ ਬੱਬਰ ਸ਼ੇਰ ਨੂੰ ਦਸਮੇਸ਼ ਪਿਤਾ ਨੇ ਆਖਰੀ ਵਾਰ ਪਾਵਨ ਹੱਥ ਦਾ ਥਾਪੜਾ ਦਿੱਤਾ।

ਗੁਰੂ ਦੀਨ ਥਾਪੀ।ਕਰੋ ਸ਼ਤਖਾਪੀ ।

50 ਸਿਰਲੱਥ ਸੂਰਮਿਆਂ ਦਾ ਜਥਾ ਤੋਰਿਆ। ਗੁਰੂ ਸਾਹਿਬ ਨੇ ਕਿਹਾ, ਉਦੈ ਸਿੰਘਾ! ਸੂਰਜ ਉੱਦੈ (ਚੜਣ) ਹੋਣ ਤੱਕ ਏ ਕੋਈ ਵੈਰੀ ਅੱਗੇ ਨਹੀਂ ਆਉਣਾ ਚਾਹੀਦਾ, ਅੰਮ੍ਰਿਤ ਵੇਲਾ ਹੋਣਾ ਵਾਲਾ ਆਸਾ ਦੀ ਵਾਰ ਦਾ ਕੀਰਤਨ ਕਰੀਏ। ਗੁਰੂ ਬਾਬੇ ਦੀਆਂ ਖੁਸ਼ੀਆਵ ਲਈਏ। ਭਾਈ ਸਾਹਿਬ ਨੇ ਹੱਥ ਜੋੜ ਕਿਹਾ ਕਿ ਸੱਚੇ ਪਾਤਸ਼ਾਹ ਤੁਹੀ ਮਿਹਰਾਂ ਕਰਿਉ, ਏਸ ਟਿੱਡੀ ਦਲ ਨੂੰ ਕਿਆਮਤ ਤੱਕ ਨੀ ਹਿੱਲਣ ਦਿੰਦਾ, ਏ ਹੁਣ ਜਮਾਂ ਦੇ ਰਾਹ ਈ ਜਾਣ 'ਗੇ ਬਸ! ਜਦੋ ਤੱਕ ਏ ਉਦੈ ਸਿੰਘ ਅਸਤ ਨੀ ਹੁੰਦਾ ਏਨਾ ਨੂੰ ਪੈਰ ਨੀ ਪੁੱਟਣ ਦਿੰਦਾ! ਪਾਤਸ਼ਾਹ ਵਹੀਰ ਨਾਲ ਅੱਗੇ ਤੁਰੇ ਗਏ।

ਗੁਰੂ ਕਾ ਲਾਲ ਵੈਰੀ ਦਾ ਕਾਲ ਬਣ ਆ ਖਲੋਤਾ। ਹੜ੍ਹ ਵਾਂਗ ਚੜੇ ਆਉਂਦੇ ਵੈਰੀ ਦਲ ਦੇ ਸਾਮਣੇ ਊਦੈ ਸਿੰਘ ਦਾ ਸ਼ਹੀਦੀ ਜਥਾ ਪਹਾੜ ਬਣ ਖੜ੍ਹ ਗਿਆ। ਸ਼ਾਹਿਜਾਦਾ ਅਜੀਤ ਸਿੰਘ ਪਹਿਲਾਂ ਲੜ ਰਹੇ ਸੀ, ਉਨ੍ਹਾਂ ਨੂੰ ਅੱਗੇ ਤੋਰ 'ਤਾ।ਊਦੈ ਸਿੰਘ ਹੁਣਾ ਨੇ 12 ਘੜੀਆਂ( ਲੱਗਭੱਗ 5 ਘੰਟੇ) ਤੱਕ ਸਾਰੀ ਹਿੰਦੂ ਮੁਗਲ ਫੌਜਾਂ ਨੂੰ ਵਡੇ ਵੱਡੇ ਨਵਾਬਾਂ, ਜਰਨੈਲਾਂ, ਖੱਬੀ ਖਾਨਾਂ ਨੂੰ ਵਾਹਣੀ ਪਾ ਛੱਡਿਆ।ਏਨੀ ਵਾਢ ਕੀਤੀ ਕਿ ਜਮਰਾਜ ਗੇੜੇ ਲਾਉਂਦੇ ਹੰਭ ਗਿਆ ਹੋਊ। ਅਖੀਰ ਲੜਦਿਆਂ ਹੋਇਆ ਇਕ ਇਕ ਕਰਕੇ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਭਾਈ ਉਦੈ ਸਿੰਘ ਕੱਲਾ ਰਹਿ ਗਿਆ ਜੰਗੀ ਪੈਂਤੜੇ ਤੇ ਗਲ ਪਿਆ ਚੋਲਾ ਵੇਖ ਮੁਗਲ ਜਰਨੈਲ ਇਹੀ ਸਮਝਦੇ ਰਹੇ ਏ ਗੁਰੂ ਗੋਬਿੰਦ ਸਿੰਘ ਆਪ ਹਨ ਤਾਹੀਂ ਹੱਥ ਨੀ ਆਉਂਦਾ। ਆਪਸ 'ਚ ਕਹਿਣ ਕੱਲਾ ਗੁਰੂ ਬਚਿਆ ਏ, ਮਾਰ'ਲੋ ਅਪਣੀ ਫਤੇਹ ਆ! ਆਖੀਰ ਹਜ਼ਾਰਾਂ ਗਿੱਦੜਾਂ ਮਿਲ ਕੇ ਜ਼ਖ਼ਮੀ ਸ਼ੇਰ ਸੁੱਟ ਲਿਆ।ਸੰਮਤ 1762

7 ਪੋਹ ਦਿਨ ਵੀਰਵਾਰ ਨੂੰ ਇਕ ਘੜੀ ਦਿਨ ਚੜ੍ਹੇ ਭਾਈ ਊਦੈ ਸਿੰਘ ਜੀ ਸ਼ਹੀਦ ਹੋ ਗਏ। ਵੈਰੀਆ ਖੁਸ਼ੀਆਂ ਮਨਾਈ। ਗੁਰੂ ਮਾਰ 'ਲਿਆ ਗੁਰੂ ਮਾਰ' ਲਿਆ, ਪਰ ਥੋੜ੍ਹੀ ਚਿਰ ਬਾਦ ਪਤਾ ਲੱਗਾ ਕਿ ਏ ਤਾਂ ਸਿੱਖ ਸੀ। ਗੁਰੂ ਤਾਂ ਅੱਗੇ ਲੰਘ ਗਿਆ।

ਜਿਸ ਕਲਪ ਬ੍ਰਿਛ ਥੱਲੇ ਭਾਈ ਉਦੇ ਸਿੰਘ ਜੀ ਸ਼ਹੀਦ ਹੋਏ ਉਹ ਹੁਣ ਵੀ ਮੌਜੂਦ ਹੈ।ਉਤੋਂ ਵੱਡਤਾ ਪਰ ਮੁਢ ਹੈਗਾ।ਉੱਥੇ ਹੁਣ ਸ਼ਹੀਦੀ ਅਸਥਾਨ ਬਣਿਆ।

ਗੁ: ਸ਼ਹੀਦ ਬਾਬਾ ਉਦੈ ਸਿੰਘ ਜੀ ਜੋ ਪਿੰਡ ਅਟਾਰੀ 'ਚ ਹੈ! ਉਦੋਂ ਅਟਾਰੀ ਪਿੰਡ ਨਹੀਂ ਵੱਸਿਆ ਸੀ ਏ ਸਾਰਾ ਥਾਂ ਸ਼ਾਹੀ ਟਿੱਬੀ ਹੀ ਸਮਝੀ ਜਾਂਦੀ ਸੀ। ਪਿੰਡ ਵੱਲੋਂ ਭਾਈ ਉਦੇ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਹਰ ਸਾਲ 7 ਪੋਹ ਨੂੰ ਬੜੀ ਚੜਦੀ ਕਲਾ ਨਾਲ ਮਨਾਇਆ ਜਾਂਦਾ ਹੈ।ਭਾਈ ਸਾਹਿਬ ਦੀ ਸਾਰੀ ਉਮਰ ਕਰੀਬ 40 'ਚ ਸਾਲ ਬਣਦੀ ਆ ।ਐਸੇ ਮਹਾਨ ਜਰਨੈਲ ਗੁਰੂ ਕੇ ਲਾਲ ਭਾਈ ਸਾਹਿਬ ਭਾਈ ਉਦੈ ਸਿੰਘ ਜੀ ਸ਼ਹੀਦ ਜਰਨੈਲ ਦੇ ਚਰਨਾਂ 'ਤੇ ਵਾਰ ਵਾਰ ਪ੍ਰਣਾਮ!!

**ਮੇਜਰ ਸਿੰਘ, ਉਪ ਸੰਪਾਦਕ**